


www.AKJ.Org

# * ਲੇਖ-ਸੂਚੀ *


| | ਪੰਨਾ | ਲੇਖਕ |
|---|---|---|
| ਗ਼ਲ ੀ ਨਾ ਕਰੋ | ੪ | ਸੰਪਾਦਕ |
| ਸ੍ਰੀ ਅਨੰਦਪੁਰ ਸਾਹਿਬ ਵਿਖੇ ਸਮਾਗਮ | ੫ | ਬਾਬੂ ਮੱਲ ਸਿੰਘ ਜੀ |
| ਅਖੰਡ ਕੀਰਤਨ ਸਮਾਗਮ ਕੋਟਾ | ੬ | ਸੰਗਤ, ਕੋਟਾ |
| ਅਖੰਡ ਕੀਰਤਨ ਸਮਾਗਮ ਮੇਰਠ | ੬ | ਅਖੰਡ ਕੀਰਤਨੀ ਜਥਾ, ਮੇਰਠ |
| ਉਧਾਰ ਨਿਸਤਾਰੇ ਦਾ ਸਾਧਨ ਤੇ ਗੁਰਮਤਿ ਜੋਗ | ੭ | ਸਚਖੰਡ ਵਾਸੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ |
| ਰਮ ਪ੍ਰਚਾਰ ਦੇ ਪਰਦੇ ਹੇਠਾਂ ਸਿਖੀ ਦਾ ਅਪਮਾਨ | ੧੪ | ਸ: ਹਰਬੰਸ ਸਿੰਘ ਜੀ ਲਾਇਲਪੁਰੀ, ਜਲੰਧਰ |
| ਮ੍ਰਿਤ ਤੇ ਖਾਲਸਾ | ੧੮ | ਪ੍ਰਿੰਸੀਪਲ ਮੇਹਰ ਸਿੰਘ ਜੀ ਡੇਹਰਾਦੂਨ |
| ੀਵਾ ਬਲੈ ਅੰਧੇਰਾ ਜਾਇ | ੨੩ | ਸ: ਜਸਮੇਰ ਸਿੰਘ ਜੀ ਪਾਲ ਚੰਡੀਗੜ੍ਹ |
| ਸੱਚਾ ਦਾਤਾਰ | ੨੮ | ਸ: ਜੋਧ ਸਿੰਘ ਜੀ ਵਾਰਾਨਸੀ |
| ਸਾਧ ਸੰਗਤਿ | ੩੨ | ਪ੍ਰੋ: ਹਰਬੰਸ ਸਿੰਘ ਜੀ ਲੁਧਿਆਣਾ |
| ਵਿਸ਼ਾ-ਸ਼ਾਂਤੀ | ੩੫ | ਪ੍ਰੋ: ਗੁਰਮੁਖ ਸਿੰਘ ਜੀ ਟਾਂਡਾ |
| ਸੂਰਾ ਕਿਵੇਂ ਚੜ੍ਹਦੀ ਕਲਾ ਵਿਚ ਜਾਵੇ | ੩੭ | ਭਾਈ ਗਿਆਨ ਸਿੰਘ ਜੀ ਸਿੰਦਲੀ |
| ਜਗਤੁ ਜਲੰਦਾ ਰਖਿ ਲੈ ਅਪਣੀ ਕਿਰਪਾ ਧਾਰਿ | ੩੮ | ਭਾਈ ਮਨਮੋਹਨ ਸਿੰਘ ਜੀ ਬੁਤਾਲਾ |
| ਜੀ ਦਾ ਜੰਮ-ਪਲ | ੪੧ | ਸ: ਅਮ੍ਰੀਕ ਸਿੰਘ ਜੀ ਬੜੋਦਾ |


## ਸੇਵਾ ਸਫ਼ਲ ਕਰਨ !

ਿਓ ਮਾਡਲ ਟਾਊਨ ਲੁਧਿਆਣਾ, ਗੁਰਮਤਿ ਪ੍ਰਚਾਰ ਨੂੰ ਮੁਖ ਰਖ ਵਜੋਂ ਚੰਦੇ ਭੇਜਦੇ ਹਨ, ਤੇ ਹੀ ਇਹਨਾਂ ਸਜਨਾਂ ੜਾ ਕੇ ਦਾਸ ਦੀ ਲ ਕਰਨ ।

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥




# ਗੁਰਮਤਿ ਪਰਚਾਰਕ ਅੱਧ-ਮਾਸਕ ਪੱਤਰ

'ਸੂਰਾ' ਪਟਿਆਲਾ ਵਿਦਿਆ ਵਿਭਾਗ ਪੰਜਾਬ ਵਲੋਂ ਕਾਲਜਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ ਚਿਠੀ ਨੰ: 3/70-68-4-(ਅ.ਪ.) ਮਿਤੀ 17-10-68 ਨੂੰ ਪ੍ਰਵਾਨ ਕੀਤਾ ਗਿਆ।


ਜਿਲਦ ਨੰ: ੫ ] ੯ ਫਗਣ ੫੦੧ ਨਾਨਕ ਸ਼ਾਹੀ [ ਅੰਕ ੨


ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ ॥
ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ ॥
ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ ॥
ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ ॥
ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ ॥
ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ ॥
ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥
ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ ॥੧੪॥੧॥

(ਬਾਰਹਮਾਹ ਮਾਝ ਮ: ੫ ਘਰੁ ੪)


ਮੁਖ ਸੰਪਾਦਕ : ਪਿਆਰਾ ਸਿੰਘ

**੨੦ ਫ਼ਰਵਰੀ ੧੯੭੦**

ਆਨਰੇਰੀ ਸੰਪਾਦਕ : ਸਰਦਾਰ ਸਿੰਘ (Rtd. S.D.O.)

ਸੂਰਾ ਪ੍ਰਿੰਟਿੰਗ ਪ੍ਰੈਸ, ਰਾਘੋ ਮਾਜਰਾ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ, ਪਟਿਆਲਾ ਲਈ ਪਿਆਰਾ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫਤਰ "ਸੂਰਾ" ਰਾਘੋਮਾਜਰਾ, ਪਟਿਆਲਾ ਤੋਂ 20 ਫਰਵਰੀ 1970 ਨੂੰ ਪ੍ਰਕਾਸ਼ਤ ਕੀਤਾ।



www.AKJ.Org




# ਗਲਤੀ ਨਾ ਕਰੋ

ਅਖ਼ਬਾਰਾਂ ਦੀ ਚਰਚਾ ਤੋਂ ਪਤਾ ਲਗਦਾ ਹੈ ਕਿ 'ਗੁਰੂ ਨਾਨਕ ਨਾਮ ਜਹਾਜ਼ ਹੈ' ਨਾਮ ਦੀ ਪਿਕਚਰ ਬਣ ਚੁਕੀ ਹੈ । ਇਸ ਪਿਕਚਰ ਦੀ ਤਿਆਰੀ ਲਈ ਸ੍ਰੀ ਹਰਿਮੰਦਰ ਸਾਹਿਬ ਦੀਆਂ ਪਰਕਰਮਾਂ ਵਿਚ ਸ਼ੂਟਿੰਗ ਵੀ ਕੀਤੀ ਗਈ ਹੈ । ਪ੍ਰਿਥਵੀ ਰਾਜ ਵਰਗੇ ਐਕਟਰ ਨੂੰ, ਜਿਨ੍ਹਾਂ ਦੇ ਜੀਵਨ ਬਾਰੇ ਹਰ ਕੋਈ ਜਾਣਦਾ ਹੈ, ਬਨਾਉਟੀ ਦਾਹੜੀ ਤੇ ਹੋਰ ਬਹੁਰੂਪੀਏ ਵੇਸ ਵਿਚ ਪੇਸ਼ ਕੀਤਾ ਗਿਆ ਹੈ । ਉਸ ਸ਼ੂਟਿੰਗ ਸਮੇਂ ਸ਼ਰੋਮਣੀ ਕਮੇਟੀ ਦੇ ਕਾਫ਼ੀ ਮੈਂਬਰਾਂ ਤੇ ਗੁਰ ਸੰਗਤਾਂ ਨੇ ਇਸ ਦੀ ਸਖ਼ਤ ਵਿਰੋਧਤਾ ਕੀਤੀ ਜਿਸ ਤੇ ਲਾਠੀ ਚਾਰਜ ਵੀ ਕੀਤਾ ਗਿਆ, ਜਿਹੜਾ ਸਿਖ ਇਤਿਹਾਸ ਵਿਚ ਪਹਿਲੀ ਘਟਨਾ ਹੈ । ਏਨੀ ਵਿਰੋਧਤਾ ਦੇ ਬਾਵਜੂਦ ਲੀਡਰਾਂ ਦੀ ਹਠਧਰਮੀ ਤੇ ਮਾਇਆ ਦੀ ਤ੍ਰਿਸ਼ਨਾ ਕਰਕੇ ਪਿਕਚਰ ਬਣ ਰਹੀ ਹੈ ਤੇ ਛੇਤੀ ਹੀ ਪੰਜਾਬ ਦੇ ਸਿਨਮੇ ਘਰਾਂ ਵਿਚ ਆ ਰਹੀ ਹੈ ।

ਭਾਵੇਂ ਅਜੋਕੇ ਸਮੇਂ ਵਿਚ ਪਿਕਚਰਾਂ ਨੂੰ ਪ੍ਰਚਾਰ ਦਾ ਵੱਡਾ ਸਾਧਨ ਮੰਨਿਆਂ ਜਾਂਦਾ ਹੈ ਤੇ ਅੱਜ ਦਾ ਆਦਮੀ ਇਸ ਦੇ ਹਕ ਵਿਚ ਬਹੁਤ ਦਲੀਲਾਂ ਦਿੰਦਾ ਹੈ, ਪਰ ਸਾਡੇ ਵਿਚਾਰ ਵਿਚ ਗੁਰੂ ਸਾਹਿਬਾਨ ਦੇ ਇਤਿਹਾਸ ਨੂੰ ਪਿਕਚਰਾਂ ਦਾ ਰੂਪ ਦੇਣਾ ਠੀਕ ਨਹੀਂ । ਗੁਰਬਾਣੀ ਵਿਚ ਕਈ ਅਜਿਹੇ ਪ੍ਰਮਾਣ ਮਿਲਦੇ ਹਨ ਜਿਵੇਂ—

'ਬੇਦਕ ਨਾਟਕ ਦੇਖ ਭੁਲਾਨੇ'

ਜਿਨ੍ਹਾਂ ਤੋਂ ਸਪਸ਼ਟ ਹੁੰਦਾ ਹੈ ਕਿ ਬੇਦਕ ਨਾਟਕ ਦੇਖ ਕੇ ਮਨੁਖੀ ਮਨ, ਜੀਵਨ ਦੇ ਅਸਲ ਨਿਸ਼ਾਨੇ ਵਲੋਂ ਖੁੰਝਦਾ ਹੈ । ਸਾਡੇ ਵਿਚਾਰ ਵਿਚ ਹੇਠ ਲਿਖੇ ਕਾਰਨਾਂ ਕਰਕੇ ਗੁਰ ਇਤਿਹਾਸ ਦੀਆਂ ਪਿਕਚਰਾਂ ਨਹੀਂ ਬਣਨੀਆਂ ਚਾਹੀਦੀਆਂ ।

(ੳ) ਪਿਛਲੇ 22 ਸਾਲਾਂ ਤੋਂ ਇਤਨੇ ਘਟੀਆ ਕਿਸਮ ਦੀਆਂ ਪਿਕਚਰਾਂ ਆ ਰਹੀਆਂ ਹਨ, ਕਿ ਕੁਝ ਸਿਖਣ ਦੇ ਖਿਆਲ ਨਾਲ ਲੋਕ ਸਿਨੇਮਾਂ ਦੇਖਣ ਨਹੀਂ ਜਾਂਦੇ ।

(ਅ) ਸਾਡੇ ਸਿਨਮਾਂ ਘਰਾਂ ਦਾ ਮਾਹੌਲ ਐਸਾ ਬਣ ਚੁਕਾ ਹੈਕਿ ਸਿਖ ਧਰਮ ਦੀ ਫ਼ਿਲਮ ਚਲ ਹੀ ਨਹੀਂ ਸਕਦੀ

(ੲ) ਵਿਸ਼ੇ-ਵਿਕਾਰ ਉਪਜਾਉਣ ਵਾਲੇ ਸੀਨ ਅਜਿਹੇ ਢੰਗ ਨਾਲ ਪੇਸ਼ ਕੀਤੇ ਜਾਂਦੇ ਹਨ ਕਿ ਸਿਨਮੇ ਘਰਾਂ ਵਿਚ ਹੂ—ਹਾ ਦਾ ਰੌਲਾ ਹੀ ਪਿਆ ਰਹਿੰਦਾ ਹੈ ।

(ਸ) ਸਿਨਮੇ ਬਣਾਉਣ ਵਾਲਿਆਂ ਦਾ ਨਿਸ਼ਾਨਾ ਸਚਾਈ ਦਾ ਪ੍ਰਚਾਰ ਕਰਨਾ ਨਹੀਂ, ਸਗੋਂ ਪੈਸੇ ਕਮਾਉਣਾ ਹੈ । ਅਜਿਹੀ ਹਾਲਤ ਵਿਚ 'ਗੁਰ ਇਤਿਹਾਸ' ਦੀ ਪਿਕਚਰ ਬਣਾਉਣੀ ਚੰਗੀ ਗਲ ਨਹੀਂ ।

(ਹ) ਤੰਮਾਕੂ ਪੀਣਾ ਤਾਂ ਸਿਨਮਿਆਂ ਵਿਚ ਆਮ ਹੈ । ਅਜਿਹੇ ਵਾਯੂ ਮੰਡਲ ਵਿਚ ਸਿਖ-ਇਤਿਹਾਸ ਦੀ ਪਿਕਚਰ ਦਿਖਾਉਣੀ ਸਿਖ-ਇਤਿਹਾਸ ਦੀ ਹੱਤਕ ਹੈ । ਸਾਨੂੰ ਆਸ ਹੈ ਕਿ ਪਿਕਚਰਾਂ ਰਾਹੀਂ ਸਿਖ-ਇਤਿਹਾਸ ਪੇਸ਼ ਕਰਨ ਦੀ ਗਲਤੀ ਨਹੀਂ ਕੀਤੀ ਜਾਵੇਗੀ ।

(ਸੰਪਾਦਕ)



www.AKJ.Org

# ਕਲਗੀਆਂ ਵਾਲੇ ਦੀ ਪਿਆਰੀ ਆਨੰਦਪੁਰੀ ਵਿਖੇ ਹੋਲੇ ਮਹੱਲੇ ਦਾ ਸਮਾਗਮ

ਅਖੰਡ ਕੀਰਤਨੀ ਜੱਥੇ ਵਲੋਂ ੨੧ ਮਾਰਚ ਤੋਂ ੨੪ ਮਾਰਚ, ੧੯੭੦ ਤਕ ਹੋਲੇ ਮਹੱਲੇ ਦਾ ਸਮਾਗਮ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੇ ਮਨਾਇਆ ਜਾਵੇਗਾ। ਇਹ ਆਨੰਦਮਈ ਨਗਰੀ ਨੌਵੇਂ ਅਤੇ ਦਸਵੇਂ ਨਾਨਕ ਦੇਵ ਜੀ ਨੇ ਵਸਾਈ, ਚਾਰ ਸਾਹਿਬਜ਼ਾਦਿਆਂ ਅਤੇ ਖਾਲਸੇ ਦੀ ਇਹ ਜਨਮ ਭੂਮੀ, ਪੰਜ ਪਿਆਰਿਆਂ ਦੀ ਪ੍ਰੀਖਿਆ ਥਾਂ, ਭਾ: ਨੰਦ ਲਾਲ ਜੀ ਦਾ ਮੱਕਾ ਸ਼ਰੀਫ, ਭਾ: ਘਨੱਯਾ ਜੀ ਦਾ ਸੇਵਾ ਖੇਤਰ, ਭਾ: ਬਚਿਤਰ ਸਿੰਘ ਜੀ, ਭਾਈ ਉਧੇ ਸਿੰਘ ਜੀ ਆਦਿ ਅਣ-ਗਿਣਤ ਸੂਰਮਿਆਂ ਦੀ ਪਿਆਰੀ ਰਣ-ਭੂਮੀ, ਅਨੇਕਾਂ ਸ਼ਹੀਦਾਂ ਦੇ ਖੂਨ ਨਾਲ ਸਿੰਜੀ ਹੋਈ ਧਰਤੀ, ਭਾ: ਗੁਰਬਖਸ਼ ਸਿੰਘ ਜੀ ਆਦਿ ਬ੍ਰਹਮ-ਗਿਆਨੀ ਦਾ ਇਹ ਸੱਚਖੰਡ, ਸੱਚੇ ਪਾਤਸ਼ਾਹ ਜੀ ਦੇ ਨਿੱਜੀ ਸ਼ਸ਼ਤਰਾਂ ਅਤੇ ਗੁਰਧਾਮਾਂ ਦੇ ਏਥੇ ਦੀਦਾਰੇ ਕਰਨ ਲਈ ਇਸ ਧਰਤੀ ਦੀ ਜ਼ਰੂਰ ਯਾਤਰਾ ਕਰੋ ਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

## –ਕੀਰਤਨ ਦਾ ਪ੍ਰੋਗਰਾਮ–

### ੨੧–੩–੧੯੭੦ ਦਿਨ ਸਨੀਚਰਵਾਰ

ਸਾਰੇ ਜੱਥੇ ਸਵੇਰੇ ੧੧ ਵਜੇ ਤਕ ਸ੍ਰੀ ਤੇਗ ਬਹਾਦਰ ਖਾਲਸਾ ਕਾਲਜ ਸ੍ਰੀ ਆਨੰਦਪੁਰ ਸਾਹਿਬ ਪੁਜਣ। ਦਿਨ ਦੇ ੧ ਵਜੇ ਸਾਰੇ ਜੱਥੇ ਕੀਰਤਨ ਕਰਦੇ ਸੰਤ ਬਾਬਾ ਮਹਿੰਦਰ ਸਿੰਘ ਜੀ ਹਰਖੋਵਾਲ ਗੁਰਦਵਾਰਾ ਸਾਹਿਬ, ਕਿਲਾ ਆਨੰਦਗੜ੍ਹ ਸਾਹਿਬ, ਸ੍ਰੀ ਕੇਸਗੜ੍ਹ ਸਾਹਿਬ, ਮੰਜੀ ਸਾਹਿਬ, ਸੀਸ ਗੰਜ ਸਾਹਿਬ, ਅਕਾਲ ਬੁੰਗਾ ਸਾਹਿਬ, ਭੋਰਾ ਸਾਹਿਬ, ਗੁਰੂ ਕੇ ਮਹੱਲ, ਦਮਦਮਾ ਸਾਹਿਬ ਆਦਿ ਗੁਰਦਵਾਰਿਆ ਦੇ ਦਰਸ਼ਨ ਦੀਦਾਰੇ ਕਰਨਗੇ।

### ੨੨–੩–੧੯੭੦ ਦਿਨ ਐਤਵਾਰ

ਸਵੇਰੇ ੫ ਵਜੇ ਤੋਂ ੯ ਵਜੇ ਤਕ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਉਸ ਤੋਂ ਉਪਰੰਤ ੩ ਵਜੇ ਦੁਪਹਿਰ ਤਕ ਅਖੰਡ ਕੀਰਤਨ ਖਾਲਸਾ ਕਾਲਜ ਵਿਚ। ਸ਼ਾਮ ਨੂੰ ੭ ਤੋਂ ੯ ਵਜੇ ਤਕ ਕਿਸੇ ਇਤਿਹਾਸਕ ਗੁਰਦਵਾਰਾ ਸਾਹਿਬ ਵਿਚ ਕੀਰਤਨ।

### ੨੩–੩–੧੯੭੦ ਦਿਨ ਸੋਮਵਾਰ

ਸਵੇਰੇ ੫ ਵਜੇ ਤੋਂ ੯ ਵਜੇ ਤਕ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ, ਉਸ ਤੋਂ ਉਪਰੰਤ ੩ ਵਜੇ ਦੁਪਹਿਰ ਤਕ ਅਖੰਡ ਕੀਰਤਨ।

੨੩–੩–੧੯੭੦ ਸ਼ਾਮ ੮ ਵਜੇ ਤੋਂ ਰੈਣ ਸਬਾਖੀ ਕੀਰਤਨ ਆਰੰਭ ਹੋ ਕੇ ੨੪–੩–੧੦੭੦ ਸਵੇਰੇ ੯ ਵਜੇ ਭੋਗ ਪਵੇਗਾ।

ਸਾਰੇ ਜਥਿਆਂ ਅਗੇ ਬੇਨਤੀ ਹੈ ਕਿ ੨੧–੩–੧੯੭੦ ਨੂੰ ੧੧ ਵਜੇ ਤੱਕ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਪੁਜ ਜਾਣ ਤਾਂ ਕਿ ਸਮੇਂ ਸਿਰ ਪਾਵਨ ਗੁਰਧਾਮਾਂ ਦੀ ਯਾਤਰਾ ਲਈ ਚਾਲੇ ਪਾਏ ਜਾਣ। ਖਾਲਸਾ ਕਾਲਜ ਰੋਪੜ–ਸ੍ਰੀ ਅਨੰਦਪੁਰ ਸਾਹਿਬ ਦੀ ਸੜਕ ਉਤੇ ਹੀ ਹੈ। ਜੱਥੇ ਦੀ ਰਿਹਾਇਸ਼ ਲੰਗਰ ਅਤੇ ਕੀਰਤਨ ਦਾ ਪ੍ਰਬੰਧ ਇਸ ਕਾਲਜ ਵਿਚ ਹੀ ਹੋਵੇਗਾ।

ਨੋਟ :—ਬਿਸਤਰਾ ਜ਼ਰੂਰ ਲੈ ਕੇ ਆਉਣਾ ਜੀ, ਇਕ ਗਲਾਸ ਅਤੇ ਥਾਲੀ ਜਾਂ ਦੋ ਬਾਟੇ ਹਰ ਇਕ ਸਜਨ ਲੈ ਆਉਣ ਦੀ ਕ੍ਰਿਪਾ ਕਰੇ।

ਪੁਛ ਗਿਛ ਲਈ :–ਹਰਿਚਰਨ ਸਿੰਘ,
੩੦੩੨, ਸੈਕਟਰ ੧੯–ਡੀ, ਚੰਡੀਗੜ੍ਹ।

ਸੰਗਤ ਦਾ ਦਾਸ :–ਮੱਲ ਸਿੰਘ, (ਜਥੇਦਾਰ)
ਅਖੰਡ ਕੀਰਤਨੀ ਜੱਥਾ, ਭਾਰਤ ਵਰਸ਼।



www.AKJ.Org

# ਅਖੰਡ ਕੀਰਤਨ ਸਮਾਗਮ ਕੋਟਾ ਦਾ ਪਰੋਗਰਾਮ

**12-3-70** ਵੀਰਵਾਰ–ਕੀਰਤਨ ਆਸਾ ਦੀ ਵਾਰ ਸਵੇਰੇ 5 ਵਜੇ, ਗੁ: ਸ੍ਰੀ ਗੁਰੂ ਸਿੰਘ ਸਭਾ ਕੋਟਾ ਜੰਕਸ਼ਨ। ਪਾਠ ਰਹਿਰਾਸ ਸਾਹਿਬ ਤੋਂ ਉਪਰੰਤ ਕੀਰਤਨ 8 ਤੋਂ 10 ਵਜੇ ਰਾਤ ਸ੍ਰੀ ਗੁਰੂ ਸਿੰਘ ਸਭਾ ਕੋਟਾ ਜੰਕਸ਼ਨ।

**13-3-70** ਸ਼ੁਕਰਵਾਰ–ਕੀਰਤਨ ਆਸਾ ਦੀ ਵਾਰ ਸਵੇਰੇ 5 ਵਜੇ ਗੁ: ਸ੍ਰੀ ਗੁਰੂ ਸਿੰਘ ਸਭਾ ਗੁਮਾਨਪੁਰਾ। ਪਾਠ ਰਹਿਰਾਸ ਸਾਹਿਬ ਤੋਂ ਉਪਰੰਤ ਕੀਰਤਨ 8 ਤੋਂ 10 ਵਜੇ ਰਾਤ, ਗੁ: ਸ੍ਰੀ ਗੁਰੂ ਸਿੰਘ ਸਭਾ ਛਾਉਣੀ ਕੋਟਾ।

**14-3-70** ਸਨਿਚਰਵਾਰ–ਕੀਰਤਨ ਆਸਾ ਦੀ ਵਾਰ ਸਵੇਰੇ 5 ਵਜੇ, ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ, ਕੋਟਾ ਜੰਕਸ਼ਨ। ਅਰੰਭ ਰੈਣ ਸਬਾਈ ਰਾਤੀ 8-30 ਵਜੇ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਕੋਟਾ ਜੰਕਸ਼ਨ। ਇਸਦਾ ਭੋਗ 15 ਮਾਰਚ ਐਤਵਾਰ ਸਵੇਰੇ 6 ਵਜੇ ਪਵੇਗਾ।

ਅੰਮ੍ਰਿਤ ਸੰਚਾਰ–ਸਨਿਚਰਵਾਰ 14 ਮਾਰਚ 1970 ਤਿੰਨ ਵਜੇ ਦੁਪਹਿਰ ਪਿਛੋਂ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਕੋਟਾ ਵਿਖੇ ਅਰੰਭ ਹੋਵੇਗਾ। ਅਭਿਲਾਖੀ ਸਜਣ ਪੰਜ ਕਕਾਰੀ ਰਹਿਤ ਧਾਰਨ ਕਰਕੇ ਤੇ ਸਕੇਸ਼ ਇਸ਼ਨਾਨ ਕਰਕੇ ਸਮੇਂ ਸਿਰ ਪੁਜ ਜਾਣ।

ਨੋਟ:— 1. ਬਾਹਰੋਂ ਆਈਆਂ ਸੰਗਤਾਂ ਦਾ ਉਤਾਰਾ ਸ੍ਰੀ ਗੁਰੂ ਸਿੰਘ ਸਭਾ ਕੋਟਾ ਜੰਕਸ਼ਨ ਦੇ ਪਾਸ ਹੋਵੇਗਾ।

2. ਕੋਟਾ ਰੇਲਵੇ ਸਟੇਸ਼ਨ ਵੈਸਟਰਨ ਰੇਲਵੇ ਦੀ ਦਿਲੀ-ਬੰਬਈ ਮੇਨ ਲਾਇਨ ਤੇ ਹੈ।

3. ਪਰੋਗਰਾਮ ਵਿਚ ਲੋੜ ਅਨੁਸਾਰ ਤਬਦੀਲੀ ਹੋ ਸਕਦੀ ਹੈ।

ਪੁਛ-ਗਿਛ ਲਈ ਪਤੇ–(1) ਭਾਈ ਰਣਜੀਤ ਸਿੰਘ ਜੀ ਗੁਰਦਵਾਰਾ ਰੋਡ, ਕੋਟਾ–2

(2) ਭਾਈ ਹਰਜੀਤ ਸਿੰਘ (ਗਾਰਡ) ਬੋਹਰਾ ਬਿਲਡਿੰਗ ਦੇ ਲਾਗੇ, ਕੋਟਾ–2

ਦਰਸ਼ਨ ਅਭਿਲਾਖੀ–ਸੰਗਤ, ਕੋਟਾ (ਰਾਜਿਸਥਾਨ)

# ਮੇਰਠ ਵਿਖੇ ਅਖੰਡ ਕੀਰਤਨ ਸਮਾਗਮ ਦਾ ਪਰੋਗਰਾਮ

2–3–70 ਸਵੇਰੇ 5 ਤੋਂ 8 ਵਜੇ ਤਕ ਕੀਰਤਨ ਉਪਰੰਤ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਵਲੋਂ ਸ: ਸਾਧੂ ਸਿੰਘ ਜੀ 83 ਗੋਬਿੰਦਪੁਰੀ ਕੰਕਰ ਖੇੜਾ ਮੇਰਠ।

3–3–70 ਸ਼ਾਮ 7 ਤੋਂ 9–30 ਵਜੇ ਤਕ ਕੀਰਤਨ ਗੁ: ਪ੍ਰਹਿਲਾਦ ਨਗਰ ਮੇਰਠ। ਖੇੜਾ ਮੇਰਠ।

4–3–70 ਸਵੇਰੇ 5 ਵਜੇ ਭੋਗ ਸ੍ਰੀ ਅਖੰਡ ਪਾਠ ਉਪਰੰਤ"ਸ੍ਰੀ ਆਸਾ ਜੀ ਦੀ ਵਾਰ ਸ: ਸਾਧੂ ਜੀ ਦੇ ਘਰ 83 ਗੋਬਿੰਦਪੁਰੀ ਕੰਕਰ

5–3–70 ਸਵੇਰੇ ਕੀਰਤਨ ਸ੍ਰੀ ਆਸਾ ਦੀ ਵਾਰ ਗੁ: ਸਤਿਸੰਗ ਸਦਰ ਬਾਜ਼ਾਰ 5 ਤੋਂ 1 ਤਕ

5–3–70 ਸ਼ਾਮ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ, ਕੰਕਰ ਖੇੜਾ ਮੇਰਠ 7 ਤੋਂ 9–30 ਤਕ

6–3–70 ਸਵੇਰੇ ਕੀਰਤਨ ਸ੍ਰੀ ਆਸਾ ਜੀ ਦੀ ਵਾਰ 5 ਵਜੇ ਤੋਂ 1 ਵਜੇ ਤਕ ਗੁ: ਸ੍ਰੀ ਕਲਗੀਧਰ ਲਾਲ ਕੁੜਤੀ, ਮੇਰਠ

6–3–70 ਸ਼ਾਮ ਕੀਰਤਨ 7 ਤੋਂ 9–30 ਤਕ ਗੁ: ਐਲ ਆਈ. ਸੈਂਟਰ ਮੇਰਠ ਛਾਉਣੀ।

7–3–70 ਸਵੇਰੇ ਕੀਰਤਨ ਸ੍ਰੀ ਆਸਾ ਦੀ ਵਾਰ 5 ਤੋਂ 12 ਤਕ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਥਾਪਰ ਨਗਰ ਮੇਰਠ

7–3–70 ਰਾਤ ਕੀਰਤਨ ਰੈਣ ਸਬਾਈ 8 ਤੋਂ ਗੁ: ਸਿੰਘ ਸਭਾ ਥਾਪਰ ਨਗਰ ਜਿਸਦੀ ਸਮਾਪਤੀ 7 ਵਜੇ 8-3-70 ਨੂੰ ਹੋਵੇਗੀ।

**ਅੰਮ੍ਰਿਤ ਸੰਚਾਰ–7-3-70 ਨੂੰ 3 ਵਜੇ ਦੁਪਹਿਰ ਗੁ: ਸ੍ਰੀ ਗੁਰੂ ਸਿੰਘ ਸਭਾ, ਥਾਪਰ ਨਗਰ ਵਿਖੇ ਹੋਵੇਗਾ।**

ਨੋਟ:—1. ਬਾਹਰੋਂ ਆਉਣ ਵਾਲੀਆਂ ਸੰਗਤਾਂ ਦੀ ਰਿਹਾਇਸ਼ ਦਾ ਪ੍ਰਬੰਧ ਗੁ: ਸ੍ਰੀ ਗੁਰੂ ਸਿੰਘ ਸਭਾ ਥਾਪਰ ਨਗਰ ਵਿਖੇ ਹੋਵੇਗਾ।

2. ਬਿਸਤਰੇ ਲੋੜ ਅਨੁਸਾਰ ਲਿਆਉਣ ਦੀ ਖੇਚਲ ਕਰਨੀ।

ਪੁਛ ਗਿਛ ਲਈ ਪਤਾ—

**ਸ੍ਰ: ਗੁਰਮੁਖ ਸਿੰਘ, ਨਿਉ ਮਿਲਨ ਰੈਸਟੋਰੈਂਟ,**
ਗੁਰਦਵਾਰਾ ਥਾਪਰ ਨਗਰ, ਮੇਰਠ

ਦਾਸਰੇ —

**ਅਖੰਡ ਕੀਰਤਨੀ ਜਥਾ, ਮੇਰਠ**



www.AKJ.Org

# ਉਧਾਰ ਨਿਸਤਾਰੇ ਦਾ ਸਾਧਨ ਤੇ ਗੁਰਮਤਿ ਜੋਗ

(ਵਲੋਂ—ਸਚਖੰਡਵਾਸੀ ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ)

ਰਾਗੁ ਗਉੜੀ ਮਹਲਾ ੫ ॥
.....ਹੋਮ ਜਗ ਤੀਰਥ ਕੀਏ
ਵਿਚਿ ਹਉਮੈ ਬਧੇ ਬਿਕਾਰੁ ।
ਨਰਕੁ ਸੁਰਗੁ ਦੁਇ ਭੁੰਚਨਾ
ਹੋਇ ਬਹੁਰਿ ਬਹੁਰਿ ਅਵਤਾਰ ॥੨॥
ਸਿਵ ਪੁਰੀ ਬ੍ਰਹਮ ਇੰਦਰਪੁਰੀ
ਨਿਹਚਲੁ ਕੋ ਥਾਉ ਨਾਹਿ ।
ਬਿਨ ਹਰਿ ਸੇਵਾ ਸੁਖੁ ਨਹੀ
ਹੋ ਸਾਕਤ ਆਵਹਿ ਜਾਹਿ ।
ਜੈਸੋ ਗੁਰ ਉਪਦੇਸਿਆ ਮੈ ਤੈਸੋ ਕਹਿਆ ਪੁਕਾਰ ।
ਨਾਨਕ ਕਹੈ ਸੁਨਿ ਰੇ ਮਨਾ
ਕਰਿ ਕੀਰਤਨੁ ਹੋਇ ਉਧਾਰੁ ।੪।੧੫।੧੫੮।

ਆਨਮਤੀ ਤੀਰਥਾਂ ਤੇ ਰਹਿ ਕੇ ਹੋਮ ਜਗ ਪੂਜਾ ਕੀਤੀ ਸਭ ਬਿਰਥੀ ਜਾਂਦੀ ਹੈ ਇਹਨਾਂ ਆਨਮਤ ਕਰਮਾਂ ਦੇ ਕੀਤਿਆਂ ਨਿਰੀ ਹਉਮੈਂ ਹੀ ਵਧਦੀ ਹੈ ਤੇ ਹਉਮੈ ਵਿਚ ਵਕਾਰ ਵਧਦੇ ਹਨ ਏਹਨਾਂ ਆਨਮਤੀ ਕਰਮ ਕਾਂਡਾ ਦਾ ਫਲ ਇਹੋ ਮਿਲਦਾ ਹੈ ਕਿ ਕੋਈ ਤਾਂ ਨਰਕ ਜਾ ਭੁੰਚਦਾ ਹੈ, ਕੋਈ ਸੁਰਗ ਦੀ ਬਾਂਛਾ ਰਖਦਾ ਹੋਇਆ ਸੁਰਗ ਪੁਰੀਆਂ ਵਿਚ ਘੁੰਮਦਾ ਹੈ। ਅੰਤ ਦੋਹਾਂ ਨੂੰ ਫੇਰ ਚੁਰਾਸੀ ਦੇ ਗੇੜ ਵਿਚ ਘੁਮਣਾ ਪੈਂਦਾ ਹੈ। ਮੁੜਿ ਮੁੜਿ ਕੇ ਨਾਨਾ ਪ੍ਰਕਾਰ ਦੀਆਂ ਜੂਨੀਆਂ ਵਿਚ ਆਉਣਾ ਪੈਂਦਾ ਹੈ। ਸ਼ਿਵ ਜੀ ਦੇ ਉਪਾਸ਼ਕ ਖਰੀਖਤ ਸ਼ਿਵਪੁਰੀ ਵਿਚ ਜਾ ਵਾਸਾ ਪਾਉਣ ਦੇ ਅਧਿਕਾਰੀ ਸਦਾਉਂਦੇ ਹਨ ਦੇ ਬ੍ਰਹਮਾ ਪੁਜਾਰੀਆਂ ਨੂੰ ਬ੍ਰਹਮ ਪੁਰੀ ਵਿਚ ਅਵੱਸ਼ ਵਸਣਾ ਪੈਂਦਾ ਹੈ। ਵਾਸ਼ਨਾਵਾਂ ਕਾਮਨਾਵਾਂ ਦੇ ਗ੍ਰਾਹਕਾਂ ਨੂੰ ਬੜੀ ਹਦ ਇੰਦ੍ਰਾ ਪੁਰੀ ਮਿਲਣ ਦਾ ਮਾਣ ਹੈ ਪਰੰਤੂ ਵਾਸਤਵ ਵਿਚ ਇਹਨਾਂ ਪੁਰੀਆਂ ਵਿਚੋਂ ਕੋਈ ਪੁਰੀ ਭੀ ਨ ਸ਼ਿਵ ਪੁਰੀ, ਨ ਬ੍ਰਹਮ ਪੁਰੀ, ਨ ਇੰਦ੍ਰ ਪੁਰੀ ਅਸਥਿਰ ਰਹਿਣ ਵਾਲੀ ਥਾਉਂ ਨਹੀਂ, ਏਹ ਸਾਕਤ ਲੋਕ ਮਾਇਆ ਧਾਰੀ ਸ਼ਕਤੀ ਦੇ ਉਪਾਸ਼ਕ ਆਵਾ ਗਾਉਣ ਵਿਚ ਹੀ ਘੁਮਦੇ ਰਹਿੰਦੇ ਹਨ ਵਾਹਿਗੁਰੂ ਦੇ ਸਚੇ ਸੇਵਕ ਬਣੇ ਬਿਨਾਂ ਸੁਖ ਕਿਤੇ ਭੀ ਨਹੀਂ ਪਾਉਂਦੇ ਤੇ ਵਾਹਿਗੁਰੂ ਦਾ ਸੇਵਕ ਸੱਚਾ ਉਪਾਸ਼ਕ ਗੁਰੂ ਪ੍ਰਾਇਣ ਸਿਖ ਹੋਇਆਂ ਹੀ ਬਣੀਦਾ ਹੈ। ਗੁਰੂ ਨਾਨਕ ਸਾਹਿਬ ਓੜਕ ਨੂੰ ਫੁਰਮਾਉਂਦੇ ਹਨ ਕਿ ਇਹ ਜੋ ਕੁਛ ਉਪਰ ਅਸੀਂ ਭਾਖਿਆ ਹੈ ਉਹ ਗੁਰੂ ਵਾਹਿਗੁਰੂ ਦੀ ਪ੍ਰੇਰਨਾ ਤੇ ਉਪਦੇਸਿਆ ਹੋਇਆ ਹੀ ਆਖਿਆ ਹੈ ਅਤੇ ਪੁਕਾਰ ਕੇ ਆਖਿਆ ਹੈ। ਸਾਰੀ ਬਾਣੀ ਅਕਾਲ ਪੁਰਖ ਦੀ ਉਪਦੇਸ਼ ਪਰੇਰਨਾ ਅਨੁਸਾਰ ਭਾਖੀ ਹੋਈ ਇਹੋ ਅੰਤਲਾ ਸਿਟਾ ਕਢਦੀ ਹੈ ਕਿ ਵਾਹਿਗੁਰੂ ਦੇ ਸਿਫਤਿ ਸਾਲਾਹ ਰੂਪੀ ਕੀਰਤਨ ਕੀਤਿਆਂ ਹੀ ਪ੍ਰਾਨੀ ਦਾ ਉਧਾਰ ਹੈ ਹੋਰ ਕਿਵੇਂ ਭੀ ਨਹੀਂ ਅਤੇ ਇਹ ਸਿਫਤ ਸਾਲਾਹ ਕੀਰਤਨ ਰਸ ਕੇਵਲ ਗੁਰੂ ਘਰ ਵਿਖੇ ਹੀ ਗੁਰੂ ਦੀ ਮਤਿ ਗ੍ਰਹਿਣ ਕੀਤਿਆਂ ਨਸੀਬ ਹੁੰਦਾ ਹੈ। ਆਨਮਤੀ ਕਰਮ ਕਾਂਡੀਆਂ ਨੂੰ ਏਹ ਕਿਥੋਂ ਪ੍ਰਾਪਤਿ ਹੋ ਸਕਦਾ ਹੈ ਓਹ ਤਾਂ ਬਿਚਾਰੇ ਕਰਮ ਕਾਂਡਾ ਵਿਚ ਹੀ ਭੰਭਲ ਭੂਸੇ ਖਾਂਦੇ ਰਹਿ ਜਾਂਦੇ ਹਨ।



www.AKJ.Org

ਗਉੜੀ ਮਹਲਾ ੫ ॥
ਉਬਰਤਿ ਰਾਜਾ ਰਾਮ ਕੀ ਸਰਨੀ ।
ਸਾਸਤ ਸਿੰਮ੍ਰਿਤ ਬੇਦ ਬੀਚਾਰੇ
ਮਹਾ ਪੁਰਖਨਿ ਇਉ ਕਹਿਆ ।
ਬਿਨੁ ਹਰਿ ਭਜਨ ਨਾਹੀ ਨਿਸਤਾਰਾ
ਸੂਖੁ ਨ ਕਿਨਹੂੰ ਲਹਿਆ ।

ਵਾਹਿਗੁਰੂ ਦੀ ਸਰਨੀ ਆਇਆਂ ਹੀ ਤਰੀਦਾ ਹੈ । ਕੇਵਲ ਗੁਰਮੁਖਿ ਜਨ ਹੀ ਗੁਰੂ ਦੀ ਕਿਰਪਾ ਦੁਆਰਾ ਸੱਚੀ ਗੁਰਮਤਿ ਦੇ ਪ੍ਰਾਇਣ ਹੁੰਦੇ ਹੋਏ ਵਾਹਿਗੁਰੂ ਦੀ ਸ਼ਰਨੀ ਆਉਂਦੇ ਹਨ । ਹੋਰ ਕੋਈ ਨਹੀਂ ਆ ਸਕਦਾ [। ਆਨਮਤੀ ਮਹਾਂਪੁਰਖ ਸਦਾਉਣ ਵਾਲਿਆਂ ਨੇ ਬਥੇਰੀ ਲੋਕਾਂ ਨੂੰ ਏਹੀ ਉਪਦੇਸ਼ ਪਰੇਰਨਾ ਕੀਤੀ ਹੈ ਕਿ ਓਹ ਲੋਕ ਸ਼ਾਸਤ੍ਰ ਸਿਮ੍ਰਿਤ ਬੇਦ ਆਦਿਕ ਨੂੰ ਬੀਚਾਰਨ ਤਾਂ ਓਹਨਾਂ ਦਾ ਭਲਾ ਹੁੰਦਾ ਹੈ ਪਰੰਤੂ ਗੁਰਮਤਿ ਇਹ ਪੁਕਾਰ ਕੇ ਕਹਿੰਦੀ ਹੈ ਕਿ ਇਨ੍ਹਾਂ ਸੜੇ ਸ਼ਾਸਤਰਾਂ ਤੇ ਸਿਮ੍ਰਿਤੀਆਂ ਬੇਦਾਂ ਦੇ ਬੀਚਾਰਿਆਂ ਨ ਬੇਦ ਬੀਚਾਰੀ ਮਹਾਂ ਪੁਰਖਾਂ ਦਾ ਕੁਛ ਬਣਦਾ ਹੈ ਨਾਂ ਤਿਨ੍ਹਾਂ ਮਹਾਂ ਪੁਰਖਾਂ ਦੇ ਚੇਸ਼ਟਾਲੂਆਂ ਦਾ ਹੀ ਕੁਛ ਬਣਦਾ ਹੈ । ਵਾਹਿਗੁਰੂ ਦੇ ਭਜਨ ਬਿਨਾਂ ਕਿਸੇ ਦਾ ਨਿਸਤਾਰਾ ਨਹੀਂ ਹੁੰਦਾ ਨਾ ਹੀ ਕਿਸੇ ਨੂੰ ਸੱਚਾ ਸੁਖ ਮਿਲਦਾ ਹੈ । ਇਹ ਸੁਖ ਮਿਲਾਪੀ ਨਿਸਤਾਰਾ ਕਰਨਹਾਰਾ ਵਾਹਿਗੁਰੂ ਦਾ ਭਜਨ ਗੁਰੂ ਦਰਬਾਰੋਂ ਮਿਲਦਾ ਹੈ । 'ਪਾਇਆ ਗੁਰ ਦਰਬਾਰਾ ਤਾਂ ਮਿਟ ਗਈ ਸਗਲ ਪੁਕਾਰ ।

ਗਉੜੀ ਮਹਲਾ ੫ ॥
ਹਰਿ ਬਿਨੁ ਅਵਰ ਕ੍ਰਿਆ ਬਿਰਥੇ ।
ਜਪ ਤਪ ਸੰਜਮ ਕਰਮ ਕਮਾਣੇ
ਇਹਿ ਓਰੈ ਮੂਸੇ । ੧ । ਰਹਾਉ ।
ਬਰਤ ਨੇਮ ਸੰਜਮ ਮਹਿ ਰਹਿਤਾ
ਤਿਨ ਕਾ ਆਢੁ ਨ ਪਾਇਆ ।
ਆਗੈ ਚਲਣੁ ਅਉਰੁ ਹੈ ਭਾਈ
ਊਹਾ ਕਾਮਿ ਨ ਆਇਆ ।
ਤੀਰਥਿ ਨਾਇ ਅਰੁ ਧਰਨੀ ਭ੍ਰਮਤਾ
ਆਗੈ ਠਉਰ ਨ ਪਾਵੈ ।
ਊਹਾ ਕਾਮਿ ਨ ਆਵੈ ਇਹ ਬਿਧਿ
ਓਹੁ ਲੋਗਨ ਹੀ ਪਤੀਆਵੈ । ੨ ।
ਚਤੁਰ ਬੇਦ ਮੁਖ ਬਚਨੀ ਉਚਰੈ
ਆਗੈ ਮਹਲ ਨ ਪਾਈਐ ।
ਬੂਝੈ ਨਾਹੀ ਏਕੁ ਸੁਧਾਖਰੁ
ਓਹੁ ਸਗਲੀ ਝਾਖ ਝਖਾਈਐ । ੩ ।
ਨਾਨਕੁ ਕਹਤੋ ਇਹੁ ਬੀਚਾਰਾ
ਜਿ ਕਮਾਵੈ ਸੁ ਪਾਰਗਰਾਮੀ ।
ਗੁਰੁ ਸੇਵਹੁ ਅਰੁ ਨਾਮੁ ਧਿਆਵਹੁ
ਤਿਆਗਹੁ ਮਨਹੁ ਗੁਮਾਨੀ । ੪ । ੬ । ੧੬੪ ।

ਇਸ ਸਮੁਚੇ ਗੁਰਵਾਕ ਅੰਦਰ ਦਸੇ ਦਸਾਏ ਦਰਜ ਦਰਜਾਏ (ਦਰਜ ਕੀਤੇ ਹੋਏ) ਕਰਮ ਕਾਂਡ ਕਿਰਿਆ ਸਭ ਆਨਮਤ ਮਤੀਸ਼ਰੀ ਕਰਮ ਕਾਂਡੀ ਦੇ ਹੀ ਵਿਦਤਾਏ ਹੋਏ ਹਨ । ਗੁਰਮਤਿ ਦਰਸਾਈ ਵਾਹਿਗੁਰੂ ਭਜਨ ਭਗਤੀ ਬਿਨਾਂ ਇਨ੍ਹਾਂ ਆਨਮਤੀਆਂ ਦੀ ਸਾਰੀ ਅਵਰ ਕਿਰਿਆ ਕਰਮ ਸਭ ਬਿਰਥੇ ਹੀ ਹਨ । ਆਨਮਤੀਆਂ ਦੇ ਕੀਤੇ ਹੋਏ ਜਪ ਤਪ ਸੰਜਮ ਆਦਿ ਕਰਮ ਕਮਾਉਣੇ ਏਹ ਸਾਰੇ ਉਰੇ ਹੀ ਉਰੇ ਲੁਟੇ ਜਾਂਦੇ ਹਨ । ਭਾਵ ਰੱਬ ਦੀ ਦਰਗਾਹ ਤਾਂਈ ਇਹਨਾਂ ਆਨਮਤੀ ਕਰਮਾਂ ਕਰਕੇ ਸਚੀ ਦਰਗਾਹੇ ਤਾਂ ਕੀ ਪੁਜਣਾ ਸੀ ਏਹ ਤਾਂ ਉਰੇ ਉਰੇ ਹੀ ਲੁਟੇ ਕਸੁਟੇ ਜਾਂਦੇ ਹਨ । ਇਹਨਾਂ ਕਰਮ ਕਾਂਡੀਆਂ ਉਤੇ ਜਮਾਂ ਦੀ ਮਾਰ ਅਵਸ਼ ਪੈਂਦੀ ਹੈ । ਇਹਨਾਂ ਕਿਰਿਆ ਕਰਮਾਂ ਦੀ ਕੋਈ ਪੁਛ ਗਿਛ ਹੀ ਨਹੀਂ ਹੁੰਦੀ । ਆਨਮਤ ਫੋਕੇ ਧਰਮ ਦੇ ਬਰਤ ਨੇਮ ਸੰਜਮ ਆਦਿਕ ਲਗਾਤਾਰ ਕੀਤੇ ਹੋਏ ਭੀ ਏਹ ਇਕ ਕੌਡੀ ਦਾ ਮੁਲ ਭੀ ਨਹੀਂ ਪਾਉਂਦੇ । ਅਗੇ ਚਲ ਕੇ ਭਾਵ ਅਗਲੀ ਦਰਗਾਹੇ ਹੋਰ ਹੀ ਵਰਤਾਰਾ ਵਰਤਦਾ ਹੈ । ਓਥੇ ਏਹ ਆਨਮਤ ਕਰਮ ਕਾਂਡ ਕੰਮ ਹੀ ਨਹੀਂ ਆਉਂਦੇ ਜੇਹੜੇ ਲੋਕ ਆਨਮਤ ਤੀਰਥਾਂ ਤੇ ਨ੍ਹਾਉਂਦੇ ਫਿਰਦੇ ਹਨ ਤੇ ਸਾਰੀ ਧਰਤੀ ਤੇ ਭਉਂਦੇ ਫਿਰਦੇ ਹਨ ਓਹਨਾਂ ਦਾ ਇਸ ਬਿਧਿ ਨਹਾਉਣਾਂ ਧਾਉਣਾ ਭਰਮਣਾ ਅਗੇ ਚਲਕੇ ਕਿਸੇ ਭੀ ਲੇਖੇ ਨਹੀਂ ਲਗਦਾ । ਸਚੀ ਦਰਗਾਹ


www.AKJ.Org

ਵਿਚ ਏਹ ਗਲਾਂ ਕਬੂਲ ਨਹੀਂ ਪੈਂਦੀਆਂ । ਮਹਿਜ਼ ਸੰਸਾਰੀਆਂ ਲੋਕਾਂ ਨੂੰ ਪਤੀਆਉਣ ਪਰਚਾਉਣ ਵਾਲੀ ਠਗੀ ਇਹਨਾਂ ਆਨਮਤ ਕਰਮ ਕਾਂਡੀਆਂ ਨੇ ਰਚੀ ਹੋਈ ਹੈ । ਚਾਹੇ ਸਾਰਾ ਜੋਰ ਲਾ ਕੇ ਚਾਰੇ ਬੇਦਾਂ ਨੂੰ ਮੁਖੋਂ ਮਨ ਬਚ ਕਰਮ ਕਰਕੇ ਕੋਈ ਉਚਰਦਾ ਫਿਰੇ ਅਗੇ ਜਾ ਕੇ ਇਹਨਾਂ ਦਾ ਕੱਖ ਮੁਲ ਨਹੀਂ ਪੈਂਦਾ ਵਾਹਿਗੁਰੂ ਦਾ ਮਹਲ ਹਰਗਿਜ਼ ਮਿਲਦਾ ਹੀ ਨਹੀਂ । ਵਾਹਿਗੁਰੂ ਦੇ ਸੁਧ ਅਖਰ ਭਾਵ ਇਕ ਸਚੀ ਸੂਝ ਬੂਝ ਬਿਨਾਂ (ਜੋ ਕੇਵਲ ਗੁਰਮਤਿ ਦੁਆਰਾ ਹੀ ਬੁਝੀ ਜਾ ਸਕਦੀ ਹੈ) ਓਹਨਾਂ ਦੀ ਸਾਰੀ ਕਿਰਤ ਕਮਾਈ ਸਿਰਫ ਝਾਖ ਝਖਾਈ ਹੀ ਰਹਿੰਦੀ ਹੈ । ਕਿਸੇ ਨੇਪਰੇ ਨਹੀਂ ਚੜਦੀ। ਗੁਰੂ ਨਾਨਕ ਸਾਹਿਬ ਵਾਹਿਗੁਰੂ ਨਾਮ ਦੀ ਕਮਾਈ ਤੱਤ ਵੀਚਾਰ ਰੂਪ ਇਹੀ ਉਪਦੇਸ਼ ਵੀਂਚਾਰ ਉਚਾਰ ਫੁਰਮਾਉਂਦੇ ਹਨ ਜੋ ਭੀ ਇਸ ਕਮਾਈ ਨੂੰ ਕਮਾਏਗਾ ਉਹੀ ਗੁਰਮੁਖਿ ਜਨ ਪਾਰਗ੍ਰਾਮੀ ਸਦਾਏਗਾ । ਬਸ ਏਸੇ ਗੁਰਮਤਿ ਕਾਰ ਨੂੰ ਹੀ ਮੁਖ ਮੰਤਵੀ ਪਾਰਗ੍ਰਾਮੀ ਮੰਜ਼ਲੀ ਕਾਰ ਤੱਤ ਸਚ ਕਰਕੇ ਸਮਝੋ ਕਿ ਕੇਵਲ ਗੁਰੂ ਦੇ ਸੇਵਕ ਸਿਖ ਬਣਿਆ ਹੀ ਗੁਰਮਤਿ ਨਾਮ ਧਿਆ ਸਕੀਦਾ ਹੈ ਤਾਂ ਤੇ ਗੁਰੂ ਦੇ ਸੇਵਕ ਸਿਖ ਬਣੋ ਗੁਰੂ ਵਾਹਿਗੁਰੂ ਦਾ ਸਿਮਰਨ ਰੂਪੀ ਸਚੀ ਸੇਵਾ ਕਰੋ ਸਚੇ ਵਾਹਿਗੁਰੂ ਨਾਮ ਨੂੰ ਧਿਆਵੋ, ਹੋਰ ਸਾਰੇ ਕਰਮ ਕਾਂਡ ਦੀ ਕਮਾਈ ਦਾ ਗੁਮਾਨ ਹੰਕਾਰ ਮਨ ਤੋਂ ਤਿਆਗ ਕੇ ਪਰੇ ਸਿਟ ਦਿਓ ।

ਰਾਗ ਗਉੜੀ ਮਹਲਾ ।੫।

ਪੋਥੀ ਪੰਡੀਤ ਬੇਦ ਖੋਜੰਤਾ ਜੀਉ ।
ਹੋਇ ਬੈਰਾਗੀ ਤੀਰਥਿ ਨਾਵੰਤਾ ਜੀਉ ।
ਗੀਤ ਨਾਦ ਕੀਰਤਨ ਗਾਵੰਤਾ ਜੀਉ ।
ਹਰਿ ਨਿਰਭਉ ਨਾਮ ਧਿਆਈ ਜੀਉ ।

ਗੁਰਮੁਖ ਪਿਆਰਾ ਗੁਰਮਤਿ ਦੁਆਰਾ ਨਿਰਭਉ ਨਾਮ ਧਿਆਉਂਦਾ ਹੋਇਆ ਗੁਰਬਾਣੀ ਦਾ ਜੋ ਕੀਰਤਨ ਕਰਦਾ ਹੈ ਏਹੀ ਉਸਦਾ ਗੀਤ ਨਾਦ ਗਾਵਣਾ ਹੈ । ਜੋ ਆਨਮਤੀ ਲੋਗ ਭੇਖਧਾਰੀ ਬਣ ਬਣ ਕੇ ਨਚਿ ਨਚਿ ਟਪਿ ਟਪਿ ਕੇ ਗੀਤ ਨਾਦ ਗਾ ਗਾ ਕੇ ਲੋਕਾਂ ਨੂੰ ਸੁਣਾਉਂਦੇ ਹਨ ਇਹ ਕਿਸੇ ਲੇਖੇ ਨਹੀਂ । ਗੁਰਮੁਖਿ ਜਨ ਜੋ ਗੁਰਬਾਣੀ ਦਾ ਕੀਰਤਨ ਕਰਦਾ ਹੈ ਇਹੀ ਗੁਰਮਤਿ ਅਨੁਸਾਰ ਉਸਦਾ ਗਾਵਿਆ ਹੋਇਆ ਕੀਰਤਨ ਗੀਤ ਨਾਦ ਹੈ । ਨਿਰਭਉ ਗੁਰਮਤਿ ਨਾਮ ਧਿਆਵਣਾ ਤੇ ਗੁਰਬਾਣੀ ਦਾ ਕੀਰਤਨ ਗਾਵਣਾ ਇਹੀ ਪੰਡਤਾਂ ਵਾਲੀ ਬੇਦ ਪੋਥੀ ਦਾ ਖੋਜਣਾ ਹੈ ਅਤੇ ਬੈਰਾਗੀ ਹੋ ਕੇ ਤੀਰਥ ਉਤੇ ਨਹਾਵਣਾ ਬਸ ਇਹੀ ਨਿਰਭਉ ਨਾਮ ਦਾ ਧਿਆਵਣਾ ਹੀ ਹੈ । ਇਸ ਪਉੜੀ ਅੰਦਰਿ ਆਨਮਤੀ ਬੇਦਾਂ ਦਾ ਮੰਡਨ ਨਹੀਂ ਨਾ ਹੀ ਆਨਮਤ ਤੀਰਥਾਂ ਦਾ ਨਾਹਵਣਾ ਸਿਧ ਹੁੰਦਾ ਹੈ ਅਤੇ ਨਾਂ ਹੀ ਆਨਮਤ ਬੈਰਾਗ ਕਮਾਵਣਾ ਸਿਧ ਹੁੰਦਾ ਹੈ। ਗੁਰਮਤਿ ਅਨੁਸਾਰ ਗੁਰਮੁਖਾਂ ਦਾ ਕੀਰਤਨ ਗਾਵਣਾ ਹੀ ਅਤੇ ਨਿਰਭਉ ਨਾਮ ਦਾ ਧਿਆਵਣਾ ਹੀ ਇਸ ਗੁਰਵਾਕ ਪਉੜੀ ਅੰਦਰਿ ਮੰਡਨ ਰੂਪ ਸਿਧ ਹੋਇਆ ਹੈ । ਹੋਰ ਆਨਮਤ ਪੋਥੀਆਂ ਬੇਦ ਆਦਿਕ ਦਾ ਪੜ੍ਹਨਾ ਤੇ ਆਨਮਤ ਕੱਚੀ ਬਾਣੀ ਦੇ ਗੀਤ ਗਾਵਣੇ ਇਕ ਪਰਕਾਰ ਖੰਡਨ ਹੀ ਸਿਧ ਹੋਇਆ ਹੈ । ਪ੍ਰਸਿਧਤਾ ਗੁਰਮਤਿ ਨਾਮ ਅਤੇ ਗੁਰਬਾਣੀ ਦੇ ਕੀਰਤਨ ਦੀ ਹੀ ਮੁਖ ਕਰਕੇ ਜਾਣਾਈ ਗਈ ਹੈ । ਜੇਕਰ ਉਪਰ ਦੇ ਵਾਕ ਅੰਦਰਿ ਦਰਸਾਈ ਆਨਮਤਿ ਕਿਰਿਆ ਮੰਡਨ ਰੂਪ ਵਿਚ ਸਿਧ ਹੁੰਦੀ ਤਾਂ ਪੰਡਿਤ ਦੇ ਪਿਛਲੇ ਅਖਰ ਤੱਤੇ ਨੂੰ ਤੇ ਵੇਦ ਦੇ ਦਦੇ ਨੂੰ ਜ਼ਰੂਰ ਔਂਕੜ ਹੁੰਦੇ ।

ਗਉੜੀ ਮਹਲਾ ੯ ॥

ਕੋਊ ਮਾਈ ਭੂਲਿਓ ਮਨੁ ਸਮਝਾਵੈ ।
ਬੇਦ ਪੁਰਾਨ ਸਾਧ ਮਗ ਸੁਨਿ ਕਰਿ
ਨਿਮਖ ਨ ਹਰਿ ਗੁਨ ਗਾਵੈ ॥੧॥ ਰਹਾਉ॥

ਸਾਧ ਰੂਪ ਗੁਰੂ ਸਾਹਿਬਾਨ ਦਾ ਸਚਾ ਮਾਰਗ ਦਰਸਾਇਆ ਹੋਇਆ ਸੁਣ ਕੇ ਭੀ ਜੋ ਪੁਰਸ਼ ਨਿਮਖ ਮਾਤਰ ਭੀ ਕੀਰਤਨ ਨਹੀਂ ਗਾਉਂਦਾ ਉਹ ਭੁਲੇ ਮਨ ਨੂੰ ਕਿਸ ਤਰਾਂ ਸਮਝਾ ਸਕਦਾ ਹੈ । ਇਸ ਕਲਜੁਗ ਵਿਖੇ ਗੁਰਮਤਿ ਮਾਰਗ ਵਾਲੀ ਹਰ ਗੁਣ ਗਾਵਣਹਾਰੀ ਗੁਰਬਾਣੀ ਹੀ ਸਚੀ ਬੇਦ ਪੁਰਾਣ



www.AKJ.Org

ਕਹਾਣੀ ਪਰਗਟ ਹੋਈ ਹੈ। ਇਸ ਅਸਥਾਈ ਵਾਲੀ ਦੁ ਵਾਕ ਪੰਗਤੀ ਅੰਦਰਿ ਬੇਦਾਂ ਪੁਰਾਣਾਂ ਦਾ ਮੰਡਨ ਹਰਗਿਜ਼ ਸਿਧ ਨਹੀਂ ਬਲਕਿ ਕਲਜੁਗ ਵਿਖੇ ਪ੍ਰਗਟ ਹੋਏ ਨਵੀਨ ਗੁਰਮਤਿ ਮਾਰਗ ਦੇ ਗੁਰਬਾਣੀ ਰੂਪ ਉਪਦੇਸ਼ਾਂ ਨੂੰ ਹੀ ਬੇਦ ਪੁਰਾਣ ਕਰਕੇ ਦਸਿਆ ਗਿਆ ਹੈ। ਹਿੰਦੂਆਂ ਦੇ ਵੇਦਾਂ ਪੁਰਾਣਾਂ ਅੰਦਰ ਤਾਂ ਹਰਿ ਗੁਣ ਗਾਵਣ ਦਾ ਨਿਮਖ ਮਾਤਰ ਭੀ ਜ਼ਿਕਰ ਨਹੀਂ ਓਹ ਤਾਂ ਤ੍ਰੈਗੁਣ ਮਾਇਆ ਨੂੰ ਹੀ ਦ੍ਰਿੜਾਉਂਦੇ ਹਨ ਤੁਰੀਆਂ ਗੁਣੀ ਬਾਣੀ ਦਾ ਕਿਵੇਂ ਜ਼ਿਕਰ ਅਲਾਵਣ।

ਗਾਉੜੀ ਮਹਲਾ ੯ ॥
ਸਾਧੋ ਰਾਮ ਸਰਨਿ ਬਿਸਰਾਮਾ।
ਬੇਦ ਪੁਰਾਨ ਪੜੇ ਕੋ ਇਹ ਗੁਨ
ਸਿਮਰੇ ਹਰਿ ਕੋ ਨਾਮਾ ॥ ੧ ॥ ਰਹਾਉ ॥

ਉਪਰਲੇ ਗੁਰਵਾਕ ਦੇ ਭਾਵ ਨੂੰ ਦਰਸਾਉਣ ਦੀ ਹੀ ਇਸ ਦੁਤੁਕੀ ਦੇ ਭਾਵ ਅੰਦਰ ਪਰੋੜਤਾ ਹੁੰਦੀ ਹੈ। ਵਾਹਿਗੁਰੂ ਦੀ ਸ਼ਰਨ ਵਿਖੇ ਗੁਰਮੁਖਿ ਸਾਧ ਜਨਾਂ ਦਾ ਬਿਸਰਾਮ ਗੁਰਮਤਿ ਨਾਮ ਦੀ ਕਮਾਈ ਅਤੇ ਗੁਰਬਾਣੀ ਗਾਉਣ ਦੁਆਰਾ ਹੀ ਹੋ ਸਕਦਾ ਹੈ। ਆਨਮਤੀਆਂ ਦੇ ਬੇਦ ਪੁਰਾਨ ਪੜੇ ਦਾ ਇਹ ਗੁਣ ਹੋਣਾ ਚਾਹੀਦਾ ਸੀ ਕਿ ਇਹਨਾਂ ਨੂੰ ਪੜ੍ਹ ਕੇ ਪੜ੍ਹਨਹਾਰਾ ਨਾਮ ਸਿਮਰਨ ਕਰਨ ਲਗ ਜਾਂਦਾ ਪਰ ਕਰਦਾ ਨਹੀਂ ਕਰੇ ਭੀ ਕਿਕੂੰ ? ਜਦ ਕਿ ਬੇਦ ਪੁਰਾਨ ਤਾਂ ਨਾਮ ਦ੍ਰਿੜਾਉਂਦੇ ਹੀ ਨਹੀਂ। ਤਾਂ ਤੇ ਬੇਦਾਂ ਪੁਰਾਨਾਂ ਦੇ ਪੜ੍ਹਨ ਦਾ ਕੋਈ ਭੀ ਫਾਇਦਾ ਨਹੀਂ ਹੋ ਸਕਦਾ ਇਹ ਦੁਤੁਕੀਆਂ ਭੀ ਆਨਮਤੀਆਂ ਦੀਆਂ ਪੁਸਤਕਾਂ ਅੰਦਰਿ ਪ੍ਰਤਿਪਾਦਨ ਕੀਤੇ ਹੋਏ ਧਰਮ ਦਾ ਮੰਨਣ ਨਹੀਂ ਕਰਦੀਆਂ ਬਲਕਿ ਇਹਨਾਂ ਪੁਸਤਕਾਂ ਦੇ ਪੜ੍ਹਨ ਦੀ ਨਿਸਫਲਤਾਈ ਸਿੱਧ ਹੁੰਦੀ ਹੈ। ਇਸ ਕਰਕੇ ਬੇਦ ਪੁਰਾਨਾਂ ਦਾ ਇਥੇ ਇਕ ਪ੍ਰਕਾਰ ਖੰਡਣ ਹੀ ਹੈ।

ਗਾਉੜੀ ਮਹਲਾ ੫।
ਨਰ ਅਚੇਤ ਪਾਪ ਤੇ ਡਰੁ ਰੇ।
ਦੀਨ ਦਇਆਲ ਸਗਲ ਭੈ ਭੰਜਨ
ਸਰਨਿ ਤਾਹਿ ਤੁਮ ਪਰੁ ਰੇ। ੧। ਰਹਾਉ।
ਬੇਦ ਪੁਰਾਨ ਜਾਸ ਗੁਨ ਗਾਵਤ
ਤਾ ਕੋ ਨਾਮੁ ਹੀਐ ਮੋ ਧਰੁ ਰੇ।
ਪਾਵਨ ਨਾਮੁ ਜਗਤ ਮੈ ਹਰਿ ਕੋ।
ਸਿਮਰਿ ਸਿਮਰਿ ਕਸਮਲੁ ਸਭ ਹਰੁ ਰੇ। ੧।
ਮਾਨਸ ਦੇਹ ਬਹੁਰਿ ਨਹ ਪਾਵੈ
ਕਛੂ ਉਪਾਉ ਮੁਕਤਿ ਕਾ ਕਰੁ ਰੇ।
ਨਾਨਕ ਕਹਿਤ ਗਾਇ ਕਰੁ ਨਾਮੈ
ਭਵ ਸਾਗਰ ਕੈ ਪਾਰਿ ਉਤਰੁ ਰੇ। ੨। ੯। ੨੫੧।

ਵਿਆਖਿਆ– ਜਿਸ ਵਾਹਿਗੁਰੂ ਦੇ ਜਸ ਰੂਪੀ ਬੇਦ ਪੁਰਾਨ ਦੀ ਸਿਫਤ ਸਲਾਹ ਕਰਨ ਦਾ ਤੈਨੂੰ ਗੁਰਮਤਿ ਅਨੁਸਾਰ ਹੁਕਮ ਹੈ ਉਸੇ ਅਕਾਲ ਪੁਰਖ ਦਾ ਇਕੋ ਗੁਰਮਤਿ ਨਾਮ ਹਿਰਦੇ ਅੰਦਰਿ ਧਰ ਕੇ ਧਿਆ (ਸੁਆਸਿ ਸੁਆਸਿ ਅਭਿਆਸ ਕਰਿ) ਗੁਰਮਤਿ ਨਾਮ ਵਿਖੇ ਲੀਨ ਹੋਏ ਬਿਨਾਂ ਪਰਾਨੀ ਪਾਪਾਂ ਵਿਚਿ ਹੀ ਪ੍ਰਵਿਰਤ ਰਹਿੰਦਾ ਹੈ। ਇਸ ਜਗਤ ਵਿਖੇ ਪਾਪਾਂ ਤੋਂ ਰਹਿਤ ਕਰਨਹਾਰਾ ਪਤਿਤ ਨੂੰ ਪਾਵਨ ਬਣਾਉਣ ਹਾਰਾ ਕੇਵਲ ਵਾਹਿਗੁਰੂ ਦਾ ਨਾਮ ਹੀ ਹੈ। ਏਸੇ ਨਾਮ ਨੂੰ ਸਿਮਰਿਆਂ ਤੇ ਸਿਮਰਦੇ ਰਹਿਣ ਕਰਕੇ ਹੀ ਸਾਰੇ ਕਸਮਲ ਪਾਪ ਧੋਤੇ ਜਾਂਦੇ ਹਨ ਐਵੇਂ ਨਹੀਂ। ਨਾਮ ਤੋਂ ਘੁਥਾ ਹੋਇਆ ਪ੍ਰਾਨੀ ਪਾਪ ਦਾ ਪੁਤਲਾ ਹੀ ਹੁੰਦਾ ਹੈ। ਓਹ ਜੇ ਮਨ ਬਚ ਕਰਮ ਕਰਕੇ ਇਹ ਸਮਝੇ ਕਿ ਮੈਂ ਕੋਈ ਪਾਪ ਨਹੀਂ ਕਰਦਾ ਤਾਂ ਭੀ ਸੁਤੇ ਸਿਧ ਕੋਈ ਨ ਕੋਈ ਅਚੇਤ ਪਾਪ ਕਰ ਹੀ ਬੈਠਦਾ ਹੈ ਜੋ ਪਾਪ ਓਸ ਦੇ ਚਿਤ ਚੇਤੇ ਭੀ ਨਹੀਂ ਹੁੰਦਾ।

ਨਾਮ ਹੀਣਾ ਪਰਾਨੀ ਪੂਰਬਲੀ ਕ੍ਰਿਤ ਕਮਾਈ ਕਰਕੇ ਉਸ ਅਚੇਤ ਪਾਪ ਨੂੰ ਕਰ ਹੀ ਬੈਠਦਾ ਹੈ। ਗੁਰਮਤਿ ਨਾਮ ਤੋਂ ਹੀਣੇ ਬੇਦ ਪੁਰਾਨਾਂ ਨੇ ਨਾਮ ਨਾਮੀ ਦਾ ਜਸ ਕਿਤੇ ਭੀ ਨਹੀਂ ਗਾਇਆ ਓਹ ਪਾਪਾਂ ਤੋਂ ਪ੍ਰਾਨੀਆਂ ਨੂੰ ਕਿਵੇਂ ਹੋੜ ਸਕਦੇ ਹਨ। ਸਾਰਿਆਂ ਪਾਪਾਂ ਦੇ ਡਰਾਂ ਨੂੰ ਭੰਜਨਹਾਰ ਦੀਨ ਦਇਆਲ ਅਕਾਲਪੁਰਖ ਦੀ ਸ਼ਰਨ ਪਰਿਆਂ ਹੀ


www.AKJ.Org

ਨਿਰੋਲ ਨਵਿਰਤੀ ਪਾਪ ਤੋਂ ਹੁੰਦੀ ਹੈ । ਅਕਾਲ ਪੁਰਖ ਦੀ ਸਰਨ ਪਰਨਾ ਨਾਮੀ ਅਕਾਲ ਪੁਰਖ ਦੇ ਨਾਮ ਨੂੰ ਸਿਮਰਨਾ ਹੀ ਹੈ । ਨਾਮੀ ਦੇ ਨਾਮ ਸਿਮਰੇ ਬਿਨਾਂ ਅਕਾਲ ਪੁਰਖ ਦੀ ਸਰਨ ਆਉਣਾ ਅਰਥ ਹੀ ਕੁਝ ਨਹੀਂ ਰਖਦਾ । ਸਰਨ ਆਇਆ ਗੁਰਮਤਿ ਅਨੁਸਾਰ ਤਦ ਹੀ ਗਿਣੀਦਾ ਹੈ ਜੇਕਰ ਸਰਨ ਆਉਣ ਹਾਰਾ ਅਕਾਲ ਪੁਰਖ ਦੇ ਹੁਕਮਾਂ ਦਾ ਪੂਰਨ ਅਨੁਸਾਰੀ ਬਣੇ । ਹੁਕਮਨ ਸਿਰ ਹੁਕਮ ਅਕਾਲ ਪੁਰਖ ਦਾ ਨਾਮ ਧਿਆਵਣਾ ਹੈ ਜੋ ਨਾਮ ਨਹੀਂ ਧਿਆਉਂਦਾ ਉਹ ਅਕਾਲ ਪੁਰਖ ਦੀ ਸਰਨ ਆਉਂਦਾ ਨਹੀਂ ਗਿਣਿਆ ਜਾ ਸਕਦਾ ਹੈ ।

ਗਾਉੜੀ ਮਹਲਾ ੧ ॥

ਅਧਿਆਤਮ ਕਰਮ ਕਰੇ ਤਾ ਸਾਚਾ ।
ਮੁਕਤਿ ਭੇਦੁ ਕਿਆ ਜਾਣੈ ਕਾਚਾ ॥ ੧ ॥
ਐਸਾ ਜੋਗੀ ਜੁਗਤਿ ਬੀਚਾਰੈ ॥
ਪੰਚ ਮਾਰਿ ਸਾਚੁ ਉਰਿਧਾਰੈ । ੧ । ਰਹਾਉ ।
ਜਿਸ ਕੈ ਅੰਤਰਿ ਨਾਦੁ ਵਸਾਵੈ ।
ਜੋਗ ਜੁਗਤਿ ਕੀ ਕੀਮਤਿ ਪਾਵੈ । ੨ ।
ਰਵਿ ਸਸਿ ਏਕੋ ਗ੍ਰਿਹ ਉਦਿਆਨੈ ।
ਕਰਣੀ ਕੀਰਤਿ ਕਰਮ ਸਮਾਨੈ । ੩ ।
ਏਕ ਸਬਦ ਇਕ ਭਿਖਿਆ ਮਾਗੈ ।
ਗਿਆਨੁ ਧਿਆਨ ਜੁਗਤਿ ਸਚੁ ਜਾਗੈ । ੪ ।
ਭੈ ਰਚਿ ਰਹੈ ਨ ਬਾਹਰਿ ਜਾਇ ।
ਕੀਮਤ ਕਉਣ ਰਹੈ ਲਿਵਲਾਇ ।
ਆਪੇ ਮੇਲੇ ਭਰਮ ਚੁਕਾਇ ।
ਗੁਰ ਪ੍ਰਸਾਦਿ ਪਰ ਪਦੁ ਪਾਇ ।
ਗੁਰ ਕੀ ਸੇਵਾ ਸਬਦੁ ਵੀਚਾਰ ।
ਹਉਮੈ ਮਾਰੇ ਕਰਣੀ ਸਾਰੁ ।
ਜਪ ਤਪ ਸੰਜਮ ਪਾਠ ਪੁਰਾਣ ।
ਕਹੁ ਨਾਨਕ ਅਪਰੰਪਰ ਮਾਨੁ ।੮।੬।

ਵਿਆਖਿਆ:—ਆਤਮਾ ਅਧੀਨੀ (ਸਬੰਧੀ) ਕਰਮ ਕਰੇ ਭਾਵ ਨਾਮ ਅਭਿਆਸ ਕਮਾਈ ਕਰੇ ਤਾਂ ਕਰਨਹਾਰਾ ਸਾਚਾ ਸਦਾਉਂਦਾ ਹੈ, ਸਚੇ ਪਾਸੇ ਲਗਿਆ ਕਹਾਉਂਦਾ ਹੈ । ਇਸ ਸਚੀ ਕਮਾਈ ਤੋਂ ਘੁਥਿਆ ਹੋਇਆ ਕਚੇ ਕਰਮ ਹੀ ਕਰਦਾ ਹੈ । ਕਚੇ ਕਰਮ ਕਰਨ ਕਰ ਕੇ ਕਾਚਾ ਕਹਾਉਂਦਾ ਹੈ ਉਸ ਨੂੰ ਮੁਕਤੀ ਦੇ ਭੇਦ ਦੀ ਕੀ ਸਮਝ ਆ ਸਕਦੀ ਹੈ । ਅਰਥਾਤ ਕੁਛ ਨਹੀਂ । ਸਚਾ ਜੋਗੀ ਉਹ ਹੈ ਜੋ ਸਚ ਕਮਾਈ ਵਾਲੀ ਗੁਰਮਤਿ ਜੁਗਤਿ ਨੂੰ ਕਮਾਉਂਦਾ ਹੈ । ਪੰਜਾਂ ਦੂਤਾਂ ਨੂੰ ਮਾਰ ਕੇ ਸੱਚ ਨਾਮ ਨੂੰ ਉਰਿਧਾਰਦਾ ਹੈ ਜਿਸਦੇ ਹਿਰਦੇ ਅੰਦਰਿ ਸੱਚਾ ਨਾਮ ਤੇ ਸਚਾ ਨਾਮੀ ਵਾਹਿਗੁਰੂ ਵਸਦਾ ਹੈ ਉਸੇ ਨੂੰ ਸਚੀ ਜੋਗ ਜੁਗਤਿ ਦੀ ਕੀਮਤ ਪੈਂਦੀ ਹੈ । ਐਸੇ ਗੁਰਮੁਖਿ ਜੋਗੀ ਜੋਗੀਸ਼ਰ ਗੁਰਮਤਿ ਜਗਤੀਸ਼ਰ ਨੂੰ ਉਸਨ ਸੀਤ ਇਕੋ ਜੇਹੇ ਹੀ ਭਾਸਦੇ ਹਨ, ਉਸ ਦਾ ਗ੍ਰਿਸਤ ਦਾ ਵਾਸ ਤੇ ਉਦਿਆਨ ਦਾ ਨਿਵਾਸ ਭੀ ਉਸ ਲਈ ਸਮਸਰ ਹੀ ਹੈ । ਉਸ ਦੀ ਗੁਰਮਤਿ ਕਰਨੀ ਸਿਫਤ ਸਲਾਹ ਰੂਪੀ ਕਰਨੀ ਇਕ ਰਸ ਅਸਥਿਰ ਰਹਿੰਦੀ ਹੈ । ਉਹ ਕੇਵਲ ਗੁਰਦੀਖਿਆ ਮਈ ਇਕੋ ਸ਼ਬਦ ਗੁਰਮੰਤਰ ਦੀ ਇਕ ਹੀ ਭੀਖਿਆ ਮੰਗਦਾ ਹੈ । ਉਹ ਸਚੇ ਵਾਹਿਗੁਰੂ ਦੀ ਸਚੜੀ ਗਿਆਨ ਧਿਆਨ ਮਈ ਜੁਗਤੀ ਦੇ ਵਿਚ ਸਦਾ ਸਾਂਵਧਾਨ ਰਹਿੰਦਾ ਹੈ । ਉਹ ਵਾਹਿਗੁਰੂ ਦੀ ਭੈ ਭਾਵਨੀ ਵਿਚ ਹੀ ਪਰਚਿਆ ਰਹਿੰਦਾ ਹੈ ਅਤੇ ਇਕ ਇੰਚ ਭਰ ਭੀ ਉਸ ਤੋਂ ਬਾਹਰ ਨਹੀਂ ਹੁੰਦਾ । ਉਸਦੀ ਕਉਣ ਕੀਮਤ ਹੈ ਭਾਵ ਕੋਈ ਕੀਮਤ ਨਹੀਂ ਜੋ ਜਨ ਇਕ ਰਸ ਲਿਵ ਲਾਈ ਰਖਦਾ ਹੈ ਉਸ ਗੁਰਮੁਖ ਜੋਗੀ ਨੂੰ ਸਚੇ ਜੋਗ ਦਾ ਮਾਲਕ ਵਾਹਿਗੁਰੂ ਆਪੇ ਹੀ ਅਪਨੇ ਸਰੂਪ ਵਿਚ ਮਿਲਾਇ ਲੈਂਦਾ ਹੈ ਅਤੇ ਹੋਰ ਦੂਜਾ ਭਰਮ ਸਭ ਚੁਕਾਇ ਦਿੰਦਾ ਹੈ । ਇਹ ਸਭ ਗੁਰੂ ਦੀ ਕਿਰਪਾ ਦਾ ਸਦਕਾ ਹੈ । ਗੁਰੂ ਦੀ ਕਿਰਪਾ ਕਰ ਕੇ (ਗੁਰ ਪ੍ਰਸਾਦਿ ਕਰਿ) ਉਸਨੂੰ ਪਰਮ ਪਦ ਦੀ ਪ੍ਰਾਪਤੀ ਹੋ ਜਾਂਦੀ ਹੈ । ਜੋ ਆਨਮਤ ਜੋਗੀਆਂ ਨੂੰ ਕਦਾਚਿਤ ਨਹੀਂ ਹੋ ਸਕਦੀ ਗੁਰਮੁਖਿ ਜੋਗੀ ਦੀ ਸੇਵਾ ਗੁਰੂ ਦੀ ਦਰਸਾਈ ਹੋਈ ਸਿਮਰਨ ਭਗਤੀ ਹੀ ਸਦੀਵ ਕਾਲ ਰਹਿੰਦੀ ਹੈ ਅਤੇ ਸ਼ਬਦ ਰੂਪੀ ਬੀਚਾਰ ਅਰਥਾਤ ਨਾਮ ਅਭਿਆਸ ਰੂਪੀ ਆਚਾਰ ਹੀ ਉਸ ਦਾ ਸਦੀਵ ਲਈ ਬਿਹਾਰ


www.AKJ.Org

ਬਣਿਆ ਰਹਿੰਦਾ ਹੈ। ਉਸ ਗੁਰਮੁਖ ਜੋਗੀ ਦੀ ਤੱਤ ਕਰਨੀ ਦਾ ਸਾਰ ਸਿੱਟਾ ਇਹੀ ਨਿਕਲਦਾ ਹੈ ਕਿ ਉਹ ਗੁਰਮਤਿ ਕਰਮ ਵਿਚ ਲਿਵ ਲੀਨ ਹੋ ਕੇ ਹਉਮੈ ਮਮਤਾ ਦਾ ਉਕਾ ਹੀ ਬਿਨਾਸ ਕਰ ਦਿੰਦਾ ਹੈ। ਹਉਮੈਂ ਨੂੰ ਮਾਰਿਆਂ ਸਾੜਿਆਂ ਹੀ ਗੁਰਮਤਿ ਕਰਨੀ ਕਮਾਲ ਦੀ ਜਾਗਤ ਵਿਗਾਸ ਵਿਚ ਖਿੜਦੀ ਹੈ। ਕੇਵਲ ਸਭ ਤੋਂ ਉਚ ਬਿਰਾਜਤ ਅਕਾਲ ਪੁਰਖ ਨੂੰ ਮੰਨਣਾ ਹੀ ਉਸ ਦਾ ਜਪ ਤਪ ਸੰਜਮ ਪਾਠ ਪੁਰਾਣ ਹੈ। ਇਸ ਸਮੁਚੇ ਗੁਰਵਾਕ ਅੰਦਰਿ ਗੁਰਮਤਿ ਸਚੇ ਜੋਗ ਨੂੰ ਆਨਮਤ ਨਿਖੜੰਮੇ ਹਠ ਜੋਗ ਨਾਲੋਂ ਖੂਬ ਨਿਖੇੜ ਕੇ ਦਿਖਾਇਆ ਹੈ।

ਅਗਲੇ ਗੁਰਵਾਕ ਅੰਦਰ ਭੀ ਗੁਰੂ ਸਚੇ ਪਾਤਸ਼ਾਹ ਨੇ ਗੁਰਮਤਿ ਸਚੇ ਜੋਗ ਦਾ ਆਨਮਤ ਜੋਗ ਨਾਲੋਂ ਨਿਰਾਲੀ ਵਿਲੱਖਣਤਾ ਵਾਲਾ ਨਿਰਣਾ ਕਰ ਕੇ ਖੂਬ ਨਿਖਾਰਿਆ ਹੈ ਯਥਾ ਗੁਰਵਾਕ :—

ਗਉੜੀ ਮਹਲਾ ੧ ॥

ਖਿਮਾ ਗਹੀ ਬ੍ਰਤੁ ਸੀਲ ਸੰਤੋਖੰ।
ਰੋਗ ਨ ਬਿਆਪੈ ਨ ਜਮ ਦੋਖੰ।
ਮੁਕਤ ਭਏ ਪ੍ਰਭ ਰੂਪ ਨ ਰੇਖੰ। ੧।
ਜੋਗੀ ਕਉ ਕੈਸਾ ਡਰ ਹੋਇ।
ਰੂਖ ਬਿਰਖ ਗ੍ਰਿਹਿ ਬਾਹਰਿ ਸੋਇ। ੧। ਰਹਾਉ।
ਨਿਰਭਉ ਜੋਗੀ ਨਿਰੰਜਨ ਧਿਆਵੈ।
ਅਨਦਿਨ ਜਾਗੈ ਸਚਿ ਲਿਵ ਲਾਵੈ।
ਸੋ ਜੋਗੀ ਮੇਰੈ ਮਨਿ ਭਾਵੈ। ੨।
ਕਾਲ ਜਾਲ ਬ੍ਰਹਮ ਅਗਨੀ ਜਾਪੇ।
ਜਰਾ ਮਰਣ ਗਤੁ ਗਰਬੁ ਨਿਵਾਰੇ।
ਆਪਿ ਤਰੈ ਪਿਤਰੀ ਨਿਸਤਾਰੇ। ੩।
ਸਤਿਗੁਰ ਸੇਵੇ ਸੋ ਜੋਗੀ ਹੋਇ।
ਭੈ ਰਚਿ ਰਹੈ ਸੁ ਨਿਰਭਉ ਹੋਇ।
ਜੈਸਾ ਸੇਵੈ ਤੈਸੋ ਹੋਇ। ੪।
ਨਰ ਨਿਹਕੇਵਲ ਨਿਰਭਉ ਨਾਉ।
ਅਨਾਥਾ ਨਾਥ ਕਰੇ ਬਲਿ ਜਾਉ।
ਪੁਨਰਪਿ ਜਨਮੁ ਨਾਹੀ ਗੁਣ ਗਾਉ। ੫।
ਅੰਤਰਿ ਬਾਹਰਿ ਏਕੋ ਜਾਣੈ।
ਗੁਰ ਕੈ ਸਬਦੇ ਆਪੁ ਪਛਾਣੈ।
ਸਚੈ ਸਬਦਿ ਦਰ ਨੀਸਾਣੈ। ੬।
ਸਬਦਿ ਮਰੈ ਤਿਸ ਨਿਜ ਘਰਿ ਵਾਸਾ।
ਆਵੈ ਨ ਜਾਵੈ ਚੂਕੈ ਆਸਾ।
ਗੁਰ ਕੈ ਸਬਦ ਕਮਲੁ ਪਰਗਾਸਾ। ੭।
ਜੋ ਕੀਸੈ ਸੋ ਆਸ ਨਿਰਾਸਾ।
ਕਾਮ ਕ੍ਰੋਧ ਬਿਖੁ ਭੂਖ ਪਿਆਸਾ।
ਨਾਨਕ ਬਿਰਲੇ ਮਿਲਹਿ ਉਦਾਸਾ। ੮। ੭।

ਇਸ ਗੁਰਵਾਕ ਅੰਦਰਿ ਗੁਰਮਤਿ ਜੋਗ ਦਾ ਮੰਡਨ ਮਈ ਖੇੜਾ ਖੂਬ ਖਿੜਾਇਆ ਹੈ। ਆਨਮਤ ਜੋਗ ਦਾ ਨਿਰਾ ਖੰਡਨ ਹੀ ਖੰਡਨ ਭਰਿਆ ਪਿਆ ਹੈ। ਏਕ ਗੁਰਮਤਿ ਜੋਗਿ ਜੁਗਤਿ ਹੀ ਹੈ ਜਿਸ ਕਰ ਕੇ ਸੱਚੀ ਧੀਰਜ ਬਿਰਤੀ ਗ੍ਰਹਿਣ ਹੁੰਦੀ ਹੈ ਤੇ ਸਚੜਾ ਸੀਲ ਸੰਤੋਖ ਮਈ ਬ੍ਰਤ ਧਾਰਨ ਹੁੰਦਾ ਹੈ। ਜਿਸ ਦੇ ਧਾਰਨ ਕੀਤਿਆਂ ਰੋਗ ਨਹੀਂ ਬਿਆਪਦਾ, ਨਾਹੀਂ ਜਮ ਦਾ ਦੁਖ ਲਗਦਾ ਹੈ। ਗੁਰਮਤਿ ਜੋਗ ਜੁਗਤਿ ਦੇ ਧਾਰਨ ਕੀਤਿਆਂ ਧਾਰਨਹਾਰੇ ਮੁਕਤਿ ਭਏ ਹੈਂ ਐਸੇ ਮੁਕਤ ਕਿ ਰੂਪ ਰੇਖ ਤੋਂ ਰਹਿਤ ਵਾਹਿਗੁਰੂ ਦਾ ਰੂਪ ਹੀ ਹੋ ਗਏ ਹਨ। ਜੋ ਸਚੜਾ ਗੁਰਮੁਖਿ ਜੋਗੀ ਹੈ ਉਸਨੂੰ ਕਿਸੇ ਕਿਸਮ ਦਾ ਭੀ ਡਰ ਨਹੀਂ ਲਗਦਾ ਕੈਸੇ ਲਗ ਸਕਦਾ ਹੈ ਜਦ ਉਹ ਹਰਦਮ ਨਿਰਭਉ ਨਿਰੰਕਾਰ ਦੇ ਜਾਪ ਅਭਿਆਸ ਵਿਚ ਤਤਪਰ ਰਹਿੰਦਾ ਹੈ ਯਥਾ ਗੁਰਵਾਕ :–

ਨਿਰਭਉ ਜਪੈ ਸੋ ਨਿਰਭਉ ਹੋਇ।

ਗੁਰਮਤਿ ਜੋਗ ਜੁਗਤੀਸਰ ਗੁਰਮੁਖ ਜਨ ਦੀ ਸੁਰਤੀ ਬਿਰਤੀ ਘਰ ਬਾਹਰਿ ਰੁਖਾਂ ਬਿਰਖਾਂ ਵਿਚ ਰਹਿੰਦੀਆਂ ਹੋਇਆਂ ਸਮਸਰ (ਸਮਾਨ) ਹੀ ਰਹਿੰਦੀ ਹੈ। ਨਿਰੰਜਨ ਵਾਹਿਗੁਰੂ ਧਿਆਵਣ ਹਾਰਾ ਗੁਰਮੁਖਿ ਜੋਗੀ ਹੀ ਸਦਾਉਂਦਾ ਹੈ ਉਹ ਦਿਨੇ ਰਾਤ ਹਰ ਵੇਲੇ ਉਹ ਗੁਰੂ ਨਾਮ ਅਭਿਅਸ ਵਿਖੇ ਸਚੜੀ ਲਿਵ ਲਾ ਕੇ ਸਾਵਧਾਨ ਸੁਜਾਗ ਰਹਿੰਦਾ ਹੈ। ਆਲਸ ਨਿੰਦਰਾ ਉਸ ਦੇ ਨੇੜੇ ਨਹੀਂ ਢੁਕਦੀ। ਹਠ ਜੋਗੀ ਗੁਰਮਤਿ ਜੋਗ ਤੋਂ ਘੁਥੇ ਹੋਏ ਨਿਰੀਆਂ ਹਠ


www.AKJ.Org

ਸਮਾਧੀਆਂ ਲਾ ਲਾ ਕੇ ਸਾਰੀ ਉਮਰ ਭਰਮਦੇ ਹੀ ਰਹਿੰਦੇ ਹਨ। ਸਚੀ ਜੋਗ ਜੁਗਤਿ ਵਾਲਾ ਗੁਰਮੁਖਿ ਜੋਗੀ ਹੀ ਗੁਰੂ ਅਕਾਲ ਪੁਰਖ ਨੂੰ ਭਾਉਂਦਾ ਹੈ। ਉਹ ਗੁਰਮਤਿ ਦਰਸਾਈ ਬ੍ਰਹਮ ਅਗਨੀ ਮਈ ਜੋਤਿ ਵਿਗਾਸੀ ਬਿਜਲੀ ਦੁਆਰਾ ਕਾਲ ਰੂਪੀ ਜਾਲ ਨੂੰ ਜਾਲ ਸਿਟਦਾ ਹੈ। ਅਨਮਤੀ ਜੋਗੀ ਇਸ ਕਾਲ ਜਾਲ ਵਿਚ ਹੀ ਉਰਝੇ ਰਹਿੰਦੇ ਹਨ। ਸੜੇ, ਮਰੇ ਜਲੇ ਰਹਿੰਦੇ ਹਨ। ਤਿਨਾਂ ਨੂੰ ਜਮਣ ਮਰਣ ਦਾ ਫਿਕਰ ਸਦਾ ਹੀ ਲਗਿਆ ਰਹਿੰਦਾ ਹੈ ਇਸ ਜਗ ਮਰਣੀ ਗਤਿਮਈ ਗਰਬਿ ਬਿਰਤੀ ਨੂੰ ਕੇਵਲ ਗੁਰਮੁਖਿ ਜੋਗੀ ਜਨ ਹੀ ਨਿਵਾਰਦਾ ਹੈ। ਐਸਾ ਗੁਰਮੁਖਿ ਜੋਗੀ ਜਨ ਆਪ ਭੀ ਭਵ ਸਾਗਰ ਤੋਂ ਤਰ ਜਾਂਦਾ ਹੈ ਅਤੇ ਵਡੇ ਵਡੇਰਿਆਂ ਪਿਤਰਾਂ ਨੂੰ ਭੀ ਤਾਰ ਦਿੰਦਾ ਹੈ। ਸੱਚਾ ਜੋਗੀ ਉਹ ਹੈ ਜੋ ਸਤਿਗੁਰੂ ਸੇਵਦਾ ਹੈ ਭਾਵ ਸਤਿਗੁਰ ਦਾ ਸਚਾ ਸਿਖ ਸੇਵਕ ਹੀ ਸਚਾ ਜੋਗੀ ਕਹਾ ਸਕਦਾ ਹੈ। ਅਕਾਲ ਪੁਰਖ ਦੇ ਸਚੜੇ ਭਉ ਭਗਤੀ ਵਾਲੇ ਭੈ ਵਿਚ ਲੀਨ ਹੋ ਕੇ ਉਹ ਸਦਾ ਨਿਰਭਉ ਮਡਲਾਂ ਵਿਚ ਹੀ ਖੇਡਦਾ ਰਹਿੰਦਾ ਹੈ। ਜੈਸੀ ਉਹ ਸੇਵਾ ਕਮਾਂਵਦਾ ਹੈ ਸੁਰਤਿ ਬਿਰਤਿ ਕਰ ਕੇ ਤੈਸਾ ਹੀ ਹੋਇ ਰਹਿੰਦਾ ਹੈ ਨਿਰਭਉ ਨਾਉਂ ਵਾਲਾ ਨਰ ਨਿਹਕੇਵਲ ਇਕੋ ਅਕਾਲ ਪੁਰਖ ਵਾਹਿਗੁਰੂ ਦਾ ਉਪਾਸ਼ਕ ਭੀ ਨਿਰਭਉ ਹੀ ਹੋਇ ਰਹਿੰਦਾ ਹੈ। ਅਨਾਥਾਂ ਨੂੰ ਨਾਥ ਬਣਾ ਦਿੰਦਾ ਹੈ ਐਸੇ ਵਾਹਿਗੁਰੂ ਵਿਟਹੁ ਘੋਲ ਘੁਮਾਇਆਂ ਹੀ ਸਰਦਾ ਹੈ। ਹੋਰ ਚਾਰਾ ਹੀ ਕੋਈ ਨਹੀਂ। ਵਾਹਿਗੁਰੂ ਦੇ ਗੁਣ ਗਾਇਆਂ ਮੁੜ ਕੇ ਫਿਰ ਜਨਮ ਮਰਣ ਤੋਂ ਰਹਿਤ ਸਦਾ ਗੁਣ ਗਾਉਣ ਹਾਰਾ ਗੁਰਮੁਖਿ ਜੋਗੀ ਅੰਤਰਿ ਬਾਹਰਿ ਇਕੋ ਅਕਾਲ ਪੁਰਖ ਦੇ ਤੱਤ ਗਿਆਨ ਦਾ ਸਚਾ ਗਿਆਤਾ ਹੁੰਦਾ ਹੈ। ਗੁਰੂ ਦੇ ਸਬਦ ਦੀ ਕਮਾਈ ਕੀਤਿਆਂ ਉਸ ਨੂੰ ਆਪਣੇ ਅਸਲੇ ਦੀ ਪਛਾਣ ਆਉਂਦੀ ਹੈ। ਸਚੇ ਗੁਰ ਸ਼ਬਦ ਵਿਚ ਰਤਿਆਂ ਸਚੜੀ ਦਰਗਾਹ ਅੰਦਰਿ ਉਸ ਦੀ ਸਚੜੀ ਭਾਉ ਭਗਤੀ ਦਾ ਨਗਾਰਾ ਜਾ ਬਜਦਾ ਹੈ। ਸ਼ਬਦ ਅਭਿਆਸ ਦੁਆਰਾ ਆਪਣੇ ਮਨ ਨੂੰ ਮਾਰ ਕੇ ਜੋ ਮਰਦਾ ਹੈ ਉਹ ਜੀਵਨ ਮੁਕਤਿ ਹੋ ਜਾਂਦਾ ਹੈ। ਉਸ ਦਾ ਵਾਹਿਗੁਰੂ ਦੇ ਅਸਲੀ ਸਰੂਪ ਵਿਚ ਵਾਸਾ ਹੋ ਜਾਂਦਾ ਹੈ। ਉਸ ਦੀ ਆਸਾ ਤ੍ਰਿਸ਼ਨਾ ਵਿਕਲਪ ਮਈ ਫੁਰਨਿਆਂ ਕੁਫੁਰਨਿਆਂ ਦਾ ਨਾਸ ਹੋ ਜਾਂਦਾ ਹੈ। ਉਹ ਫੇਰ ਨਾ ਔਂਦਾ ਹੈ ਨਾ ਜਾਂਦਾ ਹੈ। ਉਹ ਚੁਰਾਸੀ ਦੇ ਗੇੜ ਤੋਂ ਉੱਕਾ ਹੀ ਰਹਿਤ ਹੋ ਜਾਂਦਾ ਹੈ। ਇਹ ਕੇਵਲ ਗੁਰੂ ਦੇ ਸ਼ਬਦ ਦੀ ਕਮਾਈ ਹੀ ਹੈ ਜਿਸ ਕਰ ਕੇ ਹਿਰਦੇ ਰੂਪੀ ਉਰਧ ਕੰਵਲ ਵਿਗਾਸਦਾ ਹੈ। ਹਠ ਜੋਗੀਆਂ ਦਾ ਨਾ ਹੀ ਕੰਵਲ ਖਿੜਦਾ ਹੈ ਨਾਂ ਹੀ ਉਹਨਾਂ ਦੇ ਹਿਰਦੇ ਅੰਦਰਿ ਪ੍ਰਕਾਸ਼ ਹੁੰਦਾ ਹੈ ਜੋ ਐਸੇ ਕੰਵਲ ਵਿਗਾਸ ਦਾ ਦਾਅਵਾ ਕਰਦੇ ਹਨ ਤਾਂ ਨਿਰਾ ਯਕੜ ਹੀ ਮਾਰਦੇ ਹਨ। ਗੁਰਮਤਿ ਜੋਗ ਜੁਗਤੀਸ਼ਰਾਂ ਦੀ ਬਿਰਤੀ ਵਾਲੇ ਸਮੂਹ ਜਨ ਦ੍ਰਿਸ਼ਟਮਾਨ ਵਿਚ ਕਦੇ ਭੀ ਲਿਪਾਇਮਾਨ ਨਹੀਂ ਹੁੰਦੇ। ਅਦ੍ਰਿਸ਼ਟ ਵਾਹਿਗੁਰੂ ਦੇ ਮੰਡਲ ਵਿਕ ਰਹਿੰਦੇ ਹੋਏ ਚਮਤਕਾਰੀ ਖੇੜੇ ਵਿਚ ਖਿੜੇ ਰਹਿੰਦੇ ਹਨ ਤਿਨਾਂ ਨੂੰ ਸੰਸਾਰੀ ਪਦਾਰਥਾਂ ਦੀ ਲਾਲਸਾ ਹੀ ਨਹੀਂ ਰਹਿੰਦੀ। ਐਸਾ ਗੁਰਮੁਖਿ ਜੋਗੀ ਸਦਾ ਸਦਾ ਆਸ ਨਿਰਾਸਾ ਹੀ ਰਹਿੰਦਾ ਹੈ। ਨਹੀਂ ਤਾਂ ਗੁਰਮਤਿ ਜੋਗ ਅਭਿਆਸ ਤੋਂ ਖਾਲੀ ਮਨਮਤੀਏ ਜੋਗੀ ਕਾਮ ਕਰੋਧ ਬਿਖ ਭੁਖ ਪਿਆਸ ਦੇ ਹੀ ਪਿਆਸੇ ਰਹਿੰਦੇ ਹਨ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਐਸੇ ਕੋਈ ਵਿਰਲੇ ਗੁਰਮੁਖ ਜੋਗੀ ਹੀ ਮਿਲਦੇ ਹਨ ਜੋ ਤ੍ਰਿਬਿਧ ਮਾਇਆ ਤੋਂ ਹਰਦਮ ਉਦਾਸੀਨ ਤੇ ਉਪਰਾਮ ਰਹਿੰਦੇ ਹਨ।

***



www.AKJ.Org

# ਧਰਮ ਪ੍ਰਚਾਰ ਦੇ ਪਰਦੇ ਹੇਠਾਂ ਸਿਖੀ ਦਾ ਅਪਮਾਨ

(ਵਲੋਂ–ਸ: ਹਰਬੰਸ ਸਿੰਘ ਜੀ ਲਾਇਲਪੁਰੀ ਰੈਣਕ ਬਜ਼ਾਰ, ਜਲੰਧਰ ਸ਼ਹਿਰ)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 'ਗੁਰੂ ਨਾਨਕ ਨਾਮ ਜਹਾਜ਼' ਨਾਮੀ ਫ਼ਿਲਮ ਬਨਾਣ ਦੀ ਆਗਿਆ ਦੇ ਕੇ ਸਿਖਾਂ ਦੀ ਧਾਰਮਕ ਰਹਿਤ ਮਰਯਾਦਾ ਦੀ ਪਵਿਤ੍ਰਤਾ ਤੇ ਇਤਿਹਾਸ ਨੂੰ ਉਹਨਾਂ ਪੇਸ਼ਾਵਰ ਐਕਟਰਾਂ ਅਤੇ ਐਕਟਰੈਸਾਂ ਦੇ ਹੱਥ ਸੌਂਪ ਦਿਤਾ ਹੈ ਜਿਨ੍ਹਾਂ ਲਈ ਤੰਬਾਕੂ ਆਦਿ ਨਸ਼ੇ ਵਾਲੀਆਂ ਚੀਜ਼ਾਂ ਵਰਤਣੀਆਂ ਕੋਈ ਗੁਨਾਹ ਨਹੀਂ, ਇਸ ਨਾਲ ਗੈਰ ਸਿਖ ਐਕਟਰਾਂ ਨੂੰ ਸਿਖਾਂ ਦਾ ਸਵਾਂਗ ਭਰਨ ਦਾ ਮੌਕਾ ਦਿਤਾ ਗਿਆ।

ਫਿਲਮ 'ਗੁਰੂ ਨਾਨਕ ਨਾਮ ਜਹਾਜ਼' ਦੇ ਬਾਰੇ ਐਕਟਰ ਤੇ ਐਕਟਰਸਾਂ ਗੈਰ ਸਿਖ ਹਨ ਤੇ ਇਹਨਾਂ ਨੇ ਸ੍ਰੀ ਹਰਿਮੰਦਰ ਸਾਹਿਬ ਵਰਗੇ ਪਵਿਤ੍ਰ ਅਸਥਾਨ ਤੇ ਨਕਲੀ ਕੇਸ ਤੇ ਦਾਹੜੀਆਂ ਲਾ ਕੇ ਬਹੁ ਰੂਪੀਆਂ ਵਾਂਗ ਸਿਖਾਂ ਦਾ ਸਵਾਂਗ ਭਰ ਕੇ ਸਿਖ ਕੌਮ ਦੀ ਪੁਰਾਨੀ ਮਰਯਾਦਾ ਨੂੰ ਤੋੜਿਆ ਹੈ। ਇਸ ਨਾਲ ਸਿਖ ਕੌਮ ਦੀਆਂ ਪੁਰਾਣੀਆਂ ਇਖਲਾਕੀ ਤੇ ਧਾਰਮਕ ਰਵਾਇਤਾਂ ਤੇ ਭਾਰੀ ਸੱਟ ਵੱਜੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਦੀ ਪੰਜਵੀਂ ਜਨਮ ਸ਼ਤਾਬਦੀ ਅਸੀਂ ਬੜੇ ਉਤਸ਼ਾਹ ਨਾਲ ਮਨਾ ਰਹੇ ਹਾਂ, ਉਹਨਾਂ ਨੇ ਨਾਟਕਾਂ, ਰਾਸਧਾਰੀਆਂ ਸਵਾਂਗ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ:—

ਵਾਇਨਿ ਚੇਲੇ ਨਚਨਿ ਗੁਰ ॥
ਪੈਰ ਹਲਾਇਨਿ ਫੇਰਨਿ ਸਿਰ ॥
ਉਡਿ ਉਡਿ ਰਾਵਾ ਝਾਟੈ ਪਾਇ ॥
ਵੇਖੈ ਲੋਕੁ ਹਸੈ ਘਰ ਜਾਇ ॥
ਰੋਟੀਆ ਕਾਰਣਿ ਪੂਰਹਿ ਤਾਲ ॥......

(ਆਸਾ ਦੀ ਵਾਰ ਮਹਲਾ ੧)

ਅਫਸੋਸ ਵਾਲੀ ਗਲ ਹੈ ਕਿ ਇਸ ਮਹਾਨ ਅਵਸਰ ਤੇ ਸ਼ਰੋਮਣੀ ਕਮੇਟੀ ਨੇ ਗੈਰ ਸਿਖ ਐਕਟਰਾਂ ਨੂੰ ਸਿਖ ਦਾ ਸਵਾਂਗ ਭਰਨ ਦੀ ਆਗਿਆਂ ਦੇ ਕੇ ਨ ਕੇਵਲ ਬੱਜਰ ਪਾਪ ਕੀਤਾ ਹੈ ਸਗੋਂ ਗੁਰੂ ਸਾਹਿਬ ਦੀ ਗੁਰਬਾਣੀ ਤੋਂ ਮੂੰਹ ਮੋੜ ਲਿਆ ਹੈ। ਸਭ ਜਾਣਦੇ ਹਨ ਕਿ ਫਿਲਮੀ ਐਕਟਰ ਕੋਈ ਧਾਰਮਕ ਤੇ ਸਤਸੰਗੀ ਨਹੀਂ ਹੁੰਦੇ। ਉਹ ਜੋ ਕੁਝ ਕਰਦੇ ਹਨ, ਉਹਨਾਂ ਤੋਂ ਸਾਰੀ ਦੁਨੀਆਂ ਜਾਣੂੰ ਹੈ। ਅਜੇਹੇ ਲੋਕਾਂ ਦਾ ਸਿਖਾਂ ਦਾ ਸਵਾਂਗ ਭਰਨਾ, ਉਨ੍ਹਾਂ ਮਹਾਨ ਸਿਦਕੀ ਸਿਖ ਸ਼ਹੀਦਾਂ ਦਾ ਅਪਮਾਨ ਕਰਨਾ ਹੈ, ਜਿਨ੍ਹਾਂ ਨੇ ਸਿਖ ਆਚਰਨ ਦੀ ਪਵਿਤ੍ਰਤਾ ਕਾਇਮ ਰਖਣ ਲਈ ਜਾਨਾਂ ਵਾਰ ਦਿਤੀਆਂ ਸਨ। ਚੰਗਾ ਹੁੰਦਾ ਜੇ ਸੰਤ ਫਤਹ ਸਿੰਘ ਜਾਂ ਸੰਤ ਚੰਨਣ ਸਿੰਘ ਆਪ ਸਿਖ ਦਾ ਪਾਰਟ ਅਦਾ ਕਰਦੇ ਤਾਂ ਸ਼ਾਇਦ ਕਿਸੇ ਨੂੰ ਇਤਰਾਜ਼ ਨਾ ਹੁੰਦਾ। ਪਰ ਪ੍ਰਿਥਵੀ ਰਾਜ ਕਪੂਰ ਜਾਂ ਕਿਸੇ ਹੋਰ ਗੈਰ ਸਿਖ ਨੂੰ ਨਕਲੀ ਕੇਸ ਦਾਹੜੀ ਲਗੀ ਹੋਈ, ਸਿਖ ਦੇ ਸਵਾਂਗ ਵਿਚ ਵੇਖ ਕੇ ਕੀ ਸਿਖ ਕੌਮ ਸ਼ਾਂਤ ਰਹਿ ਸਕੇਗੀ? ਇਸ ਪਹਿਲੂ ਤੋਂ ਸ਼ਰੋਮਣੀ ਕਮੇਟੀ ਤੇ ਫ਼ਿਲਮ ਕੰਪਨੀ ਨੇ ਸ਼ਾਇਦ ਸੋਚਿਆ ਹੀ ਨਹੀਂ।

ਪਿਆਰੇ ਖਾਲਸਾ ਜੀ! ਇਸ ਸਮੇਂ ਜੇ ਗੈਰ ਸਿਖ ਨੂੰ ਦਾ ਸਵਾਂਗ ਭਰਨ ਤੋਂ ਨ ਰੋਕਿਆ ਗਿਆ ਤਾਂ ਇਸ ਦਾ ਨਤੀਜਾ ਇਹ ਹੋਵੇਗਾ ਕਿ ਸਿਖ ਸ਼ਹੀਦਾਂ



www.AKJ.Org

ਤੇ ਗੁਰੂ ਸਾਹਿਬਾਨ ਦੀ ਨਕਲ ਉਤਾਰਨ ਦਾ ਰਸਤਾ ਖੁਲ੍ਹ ਜਾਏਗਾ, ਜਿਸ ਤਰ੍ਹਾਂ ਕਿ ਹਿੰਦੂ ਦੇਵੀ ਦੇਵਤਿਆਂ ਦੀਆਂ ਨਕਲਾਂ ਉਤਾਰ ਕੇ ਸਰੇ-ਬਾਜ਼ਾਰ ਅਪਮਾਨ ਕੀਤਾ ਜਾਂਦਾ ਹੈ।

ਸਾਡੇ ਧਾਰਮਕ ਅਖਵਾਨ ਵਾਲੇ ਆਗੂਆਂ ਨੇ ਧਰਮ ਪ੍ਰਚਾਰ ਦੇ ਨਾਂ ਹੇਠਾਂ ਇਹ ਕੰਮ ਸ਼ੁਰੂ ਕੀਤਾ ਹੈ ਤੇ ਲਖਾਂ ਰੁਪੈ ਸ਼ਰਧਾਲੂ ਸਿਖਾਂ ਦੇ ਦਸਵੰਧ ਦੇ ਦਿਤੇ ਹੋਏ ਇਸ ਕੰਮ ਤੇ ਲਾ ਕੇ ਇਹ ਸਾਬਤ ਕਰ ਦਿਤਾ ਹੈ ਕਿ ਸਿਖ ਦੇ ਰੂਪ ਵਿਚ ਬਹੁ-ਰੂਪੀਆ ਵੀ ਸਿਖ ਪ੍ਰਵਾਨ ਕੀਤਾ ਜਾ ਸਕਦਾ ਹੈ। ਇਹ ਸੰਤ ਅਖਵਾਨ ਵਾਲੇ ਆਗੂਆਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਨਾਲ ਲਗਦੇ ਮਕਾਨ ਦੀ ਛਤ ਤੇ ਡੰਡੇ ਦੇ ਜ਼ੋਰ ਨਾਲ ਮੜ੍ਹੀਆਂ ਬਨਵਾ ਕੇ ਸਿੱਖ ਇਤਿਹਾਸ ਨੂੰ ਕਲੰਕ ਲਾਇਆ ਹੋਇਆ ਹੈ ਤੇ ਕੌਮ ਵਿਚ ਫੁਟ ਪਾਈ ਹੋਈ ਹੈ ਤੇ ਹੁਣ ਸਿਖਾਂ ਦੇ ਸਵਾਂਗ ਬਣਾ ਕੇ ਗੁਰੂ ਨਾਨਕ ਸਾਹਿਬ ਦੇ ਫੁਰਮਾਨ 'ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ' (ਰਾਗ ਆਸਾ ਮ:੧) ਅਨੁਸਾਰ ਜਾਪਦਾ ਹੈ ਆਪਣੇ ਮੁਕਨ ਦਾ ਸਮਾਂ ਨੇੜੇ ਲੈ ਆਂਦਾ ਹੈ।

ਮੈਂ ਇਹ ਜਾਣਦਾ ਹਾਂ ਕਿ ਇਹਨਾਂ ਪੂਜਾ ਦੇ ਧਾਨ ਤੇ ਜੀਵਨ ਬਤੀਤ ਕਰਨ ਵਾਲੇ ਸਜਨਾਂ ਨੇ ਕਿਸੇ ਦੀ ਸੁਣਨੀ ਨਹੀਂ, ਪਰ ਮੈਂ ਆਪਣਾ ਫ਼ਰਜ਼ ਪੂਰਾ ਕਰਦਾ ਹੋਇਆ ਸਭ ਸੰਗਤਾਂ ਨੂੰ ਸਮੇਂ ਸਿਰ ਸੁਚੇਤ ਕਰਦਾ ਹਾਂ ਅਤੇ ਅਪੀਲ ਕਰਦਾ ਹਾਂ ਕਿ ਇਸ ਫਿਲਮ ਵਿਰੁਧ ਜ਼ੋਰਦਾਰ ਆਵਾਜ਼ ਉਠਾ ਕੇ ਅਤੇ ਥਾਂ ਥਾਂ ਤੇ ਗੁਰਮਤੇ ਪਾਸ ਕਰਕੇ ਇਹ ਦਸ ਦਿਓ ਕਿ ਸਿਖ ਕੌਮ ਅਜੇ ਜੀਉਂਦੀ ਹੈ ਤੇ ਕਿਸੇ ਗੈਰ ਸਿਖ ਨੂੰ ਸਿਖ ਦਾ ਸਵਾਂਗ ਭਰਨ ਦੀ ਖੁਲ੍ਹ ਨਹੀਂ ਦਿਤੀ ਜਾ ਸਕਦੀ।

—o—


## ਦਮੇਂ ਦੇ ਭਿਆਨਕ ਰੋਗ ਤੋਂ ਛੁਟਕਾਰਾ

**ਦਮਾਂ ਸਾਹ ਦਾ ਚੜ੍ਹਨਾ, ਬਲਗ਼ਮੀ ਖਾਂਸੀ ਅਤੇ ਕਾਲੀ ਖਾਂਸੀ ਨਜ਼ਲਾ ਜ਼ੁਕਾਮ, ਖਾਂਸੀ ਦੇ ਰੋਗਾਂ ਦਾ ਇਲਾਜ ਤਸੱਲੀ ਬਖਸ਼ ਕੀਤਾ ਜਾਂਦਾ ਹੈ।**

ਖ਼ਾਨਦਾਨੀ ਹਕੀਮ ਸੌ ਸਾਲਾ ਬਜ਼ੁਰਗਾਂ ਦੇ ਅਜ਼ਮੂਦਾ ਨੁਸਖ਼ਿਆਂ ਨਾਲ ਇਲਾਜ ਹੁੰਦਾ ਹੈ। ਦਮੇ ਦੇ ਰੋਗੀਆਂ ਨੂੰ ਨਿਰਾਸ਼ ਹੋਣ ਦੀ ਲੋੜ ਨਹੀਂ। ਸਾਡੀ ਤਿਆਰ ਕੀਤੀ ਹੋਈ ਦਵਾ ਇਨ੍ਹਾਂ ਰੋਗਾਂ ਨੂੰ ਜੜ੍ਹੋਂ ਪੁਟ ਸਕਦੀ ਹੈ। ਦਵਾਈ ਪਹਿਲੇ ਦਿਨ ਹੀ ਆਪਣਾ ਅਸਰ ਦਿਖਾਂਦੀ ਹੈ ਹੇਠ ਲਿਖੇ ਪਤੇ ਤੇ ਮਿਲੋ ਜਾਂ ਲਿਖੋ।

ਨੋਟ:—ਸਾਡੇ ਨਾਮ ਨਾਲ ਮਿਲਦੇ ਜੁਲਦੇ ਕਈ ਧੋਖੇਬਾਜ਼ਾਂ ਨੇ ਬੋਰਡ ਲਾ ਰਖੇ ਹਨ। ਇਨ੍ਹਾਂ ਨਕਲਚੀਆਂ ਤੋਂ ਬਚੋ। ਖ਼ਾਨਦਾਨੀ ਹਕੀਮ ਡਾ: ਐਚ. ਐਸ. ਕਟਾਰੀਆ

## ਕਟਾਰੀਆ ਸ਼ਫ਼ਾਖ਼ਾਨਾ

**ਪੀਲੀ ਸੜਕ ਰਾਘੋਮਾਜਰਾ, ਪਟਿਆਲਾ**




www.AKJ.Org

# ਸਤਿਗੁਰ ਕੀ ਸੇਵਾ ਸਫਲੁ ਹੈ

## ਜੇ ਕੋ ਕਰੇ ਚਿਤੁ ਲਾਇ॥

(ਵਲੋਂ :–ਸ੍ਰੀ ਗੁਰੂ ਨਾਨਕ ਸਤਿ ਸੰਗ ਸਭਾ, ਸਿੰਘਾਪੁਰ)

ਬਿੰਝੂ ਨਗਰ ਦਾ ਵਸਨੀਕ, ਇਕ ਬੈਰਾੜ ਜਟ, ਭਾਈ ਉਦਮ, ਸਤਿਗੁਰ ਸੋਢੀ ਸੁਲਤਾਨ ਸ੍ਰੀ ਗੁਰੂ ਰਾਮ ਦਾਸ ਜੀ ਦੀ ਸ਼ਰਨ ਵਿਚ ਆਇਆ ਅਤੇ ਸਤਿਗੁਰੂ ਜੀ ਦਾ ਉਪਦੇਸ਼ ਸੁਣਕੇ ਸਿਖੀ ਧਾਰਨ ਕੀਤੀ। ਗੁਰੂ ਕੇ ਲੰਗਰ ਵਿਚ ਸੇਵਾ ਕਰਨ ਲਗ ਪਿਆ ਆਪਣੀ ਧਰਮ ਪਤਨੀ ਤੇ ਆਪਣੀ ਲੜਕੀ ਨੂੰ ਭੀ ਲੰਗਰ ਦੀ ਸੇਵਾ ਵਿਚ ਲਾ ਦਿਤਾ। ਤਿੰਨੇ ਪ੍ਰਾਣੀ ਗੁਰੂ ਕੇ ਲੰਗਰ ਵਿਚ ਸੇਵਾ ਕਰ ਅਤੇ ਪ੍ਰਸ਼ਾਦਾ ਆਪਣੇ ਡੇਰੇ (ਘਰ) ਤਿਆਰ ਕਰਦੇ। ਉਦਮ ਜੰਗਲ ਵਿਚੋਂ ਦੋ ਭਾਰ ਲਕੜਾਂ ਦੇ ਲਿਆਉਂਦਾ, ਇਕ ਭਾਰ ਗੁਰੂ ਕੇ ਲੰਗਰ ਵਿਚ ਸੁਟ ਦਿੰਦਾ ਅਤੇ ਇਕ ਭਾਰ ਦਾ ਅੱਧਾ ਹਿਸਾ ਬਜ਼ਾਰ ਵੇਚਕੇ ਆਪਣੇ ਪ੍ਰਵਾਰ ਦਾ ਗੁਜ਼ਾਰਾ ਕਰਦਾ, ਅੱਧਾ ਭਾਰ ਆਪਣੇ ਘਰ ਰਖ ਲੈਂਦਾ। ਇਸ ਪ੍ਰਕਾਰ ਇਹ ਲਕੜਾਂ ਕਾਫ਼ੀ ਜਮ੍ਹਾਂ ਹੁੰਦੀਆਂ ਗਈਆਂ। ਤਿੰਨੇ ਪ੍ਰਾਣੀ ਹਰ ਸਮੇਂ ਸਤਿਨਾਮ, ਸਤਿਕਰਤਾਰ ਜਪਦੇ ਰਹਿੰਦੇ, ਇੰਜ ਚਾਰ ਸਾਲ ਬਤੀਤ ਹੋ ਗਏ।

ਇਕ ਵਾਰ ਕਰਤਾਰ ਦਾ ਭਾਣਾ ਐਸਾ ਹੋਇਆ ਕਿ ਇੰਦਰ ਦੇਵਤੇ ਨੇ ਲਗਾਤਾਰ ਕਈ ਦਿਨਾਂ ਦੀ ਝੜੀ ਲਗਾ ਦਿਤੀ। ਮੂਸਲਾਧਾਰ ਬਾਰਸ਼ ਪੈਂਦੀ ਰਹੀ, ਨਤੀਜਾ ਇਹ ਹੋਇਆ, ਕਿ ਸੁਕਾ ਬਾਲਣ ਲੋਕਾਂ ਪਾਸ ਖ਼ਤਮ ਹੋ ਗਿਆ। ਸ਼ਹਿਰ ਵਿਚ ਵੀ ਬਾਲਣ ਦੀ ਭਾਰੀ ਕਮੀ ਹੋ ਗਈ। ਲੋਕ ਭਾਈ ਉਦਮ ਕੋਲ ਆਏ ਅਤੇ ਬਾਲਣ ਦੀ ਮੰਗ ਕੀਤੀ। ਭਾਈ ਉਦਮ ਨੇ ਵੀ ਸੋਚਿਆ ਕਿ ਚਲੋ ਇਹ ਲਕੜ ਵੇਚ ਦਿੰਦੇ ਹਾਂ, ਚਾਰ ਪੈਸੇ ਇਕੱਠੇ ਆ ਜਾਣਗੇ।

ਅਜੇ ਆਏ ਲੋਕਾਂ ਨੂੰ ਦੇਣ ਦਾ ਬਚਨ ਕਰਨ ਹੀ ਲਗੇ ਸਨ ਕਿ ਭਾਈ ਉਦਮ ਦੀ ਧਰਮ ਪਤਨੀ ਲੰਗਰ ਦੀ ਸੇਵਾ ਕਰਕੇ ਆਈ ਤੇ ਆਖਣ ਲਗੀ ਗੁਰੂ-ਕੇ-ਲੰਗਰ ਵਿਚ ਸੁੱਕਾ ਬਾਲਣ ਮੁਕ ਗਿਆ ਹੈ, ਕਲ੍ਹ ਦਾ ਲੰਗਰ ਨਹੀਂ ਬਣ ਸਕੇਗਾ, ਇਸ ਲਈ ਆਪਾਂ ਇਹ ਬਾਲਣ ਗੁਰੂ ਕੇ ਲੰਗਰ ਵਿਚ ਦੇ ਦਈਏ ਤਾਕਿ ਗੁਰੂ-ਕੇ-ਸਿਖਾਂ ਨੂੰ ਤਕਲੀਫ ਨਾ ਉਠਾਣੀ ਪਵੇ। ਭਾਈ ਉਦਮ ਨੇ ਆਏ ਸਜਣਾਂ ਤੋਂ ਮੁਆਫੀ ਮੰਗੀ ਤੇ ਸੁੱਕਾ ਬਾਲਣ ਦੇਣ ਤੋਂ ਇਨਕਾਰ ਕਰ ਦਿਤਾ। ਦੋਵੇਂ ਜੀਅ ਆਪ ਅਤੇ ਉਹਨਾਂ ਦੀ ਲੜਕੀ ਤਿੰਨੇ ਪ੍ਰਾਣੀ ਸਾਰੀ ਰਾਤ ਸੁਕਾ ਬਾਲਣ ਗੁਰੂ ਕੇ ਲੰਗਰ ਲਈ ਢੋਂਦੇ ਰਹੇ। ਸਵੇਰੇ ਸਾਰੀ ਸੰਗਤ ਹੈਰਾਨ ਰਹਿ ਗਈ, ਕਿ ਇਤਨਾ ਬਾਲਣ ਜੋ ਬਿਲਕੁਲ ਸੁੱਕਾ ਹੈ ਕਿਥੋਂ ਆਇਆ ਹੈ ?

ਖ਼ੈਰ ਲੰਗਰ ਤਿਆਰ ਹੋਇਆ ਅਤੇ ਲੰਗਰ ਦੇ ਮੁਖੀ (ਜਥੇਦਾਰ) ਸਿਖ ਨੇ ਸਤਿਗੁਰ ਜੀ ਨੂੰ ਬੇਨਤੀ ਕੀਤੀ, ਪਾਤਸ਼ਾਹ ! ਲੰਗਰ ਤਿਆਰ ਹੈ। ਸਤਿਗੁਰੂ ਜੀ ਲੰਗਰ ਅਸਥਾਨ ਤੇ ਗਏ, ਜਾ ਕੇ ਲਕੜਾਂ ਦਾ ਵੇਖਢੇਰ ਕੇ ਕਹਿਣ ਲਗੇ ਭਾਈ ਸਿਖੋ ! ਇਹ ਸੁਕਾ ਬਾਲਣ ਕਿਥੋਂ ਲਿਆਂਦਾ ਹੈ। ਤਾਂ ਲੰਗਰ ਦੇ ਮੁਖੀ ਸਿਖ ਨੇ ਹਥ ਜੋੜ ਕੇ ਆਖਿਆ, ਪਾਤਸ਼ਾਹ ! ਆਪ ਜੀ ਦਾ ਇਕ ਸਿਦਕੀ-ਸਿਖ ਭਾਈ ਉਦਮ ਜੀ ਨੇ ਲਿਆਂਦਾ ਹੈ। ਸਾਰੀ ਰਾਤ ਭਾਈ ਉਦਮ, ਉਸਦੀ ਸਿੰਘਣੀ ਅਤੇ ਉਹਨਾਂ ਦੀ



www.AKJ.Org

ਕੰਨਿਆਂ ਨੇ ਇਹ ਸੇਵਾ ਕੀਤੀ ਹੈ, ਸਚੇ ਪਾਤਸ਼ਾਹ ! ਭਾਈ ਉਦਮ ਆਪ ਜੰਗਲ ਵਿਚੋਂ ਦੋ ਭਾਰ ਲਕੜਾ ਦੇ ਲਿਆਉਂਦਾ ਹੈ, ਇਕ ਗੁਰੂ-ਕੇ-ਲੰਗਰ ਲਈ ਅਤੇ ਇਕ ਨੂੰ ਅੱਧਾ ਵੇਚਕੇ ਆਪਣੇ ਪ੍ਰਸ਼ਾਦੇ ਪਾਣੀ ਦਾ ਗੁਜ਼ਾਰਾ ਟੋਰਦਾ ਹੈ। ਅਧਾ ਭਾਰ ਜਮ੍ਹਾਂ ਕਰ ਲੈਂਦਾ ਸੀ, ਉਸਦੀ ਪਤਨੀ ਤੇ ਲੜਕੀ ਲੰਗਰ ਵਿਚ ਜੂਠੇ ਭਾਂਡੇ ਸਾਫ ਕਰਨ ਦੀ ਸੇਵਾ ਕਰਦੀਆਂ ਹਨ। ਸਚੇ ਪਾਤਸ਼ਾਹ ! ਇਹ ਸੇਵਾ ਨੂੰ ਕਰਦਿਆਂ ਭਾਈ ਉਦਮ ਜੀ ਨੂੰ ਲਗਾਤਾਰ ੪ ਸਾਲ ਹੋ ਗਏ ਹਨ। ਲੰਗਰ ਵਿਚੋਂ ਕਦੇ ਪ੍ਰਸ਼ਾਦ ਤਕ ਨਹੀਂ ਛਕਿਆ। ਤਿੰਨੇ ਪ੍ਰਾਣੀ ਪ੍ਰਸ਼ਾਦਾ ਆਪਣੇ ਘਰ ਛਕਦੇ ਹਨ। ਜੋ ਲਕੜਾਂ ਭਾਈ ਉਦਮ ਜੀ ਨੇ ਜੋੜੀਆਂ ਹੋਈਆਂ ਸਨ ਸਚੇ ਪਾਤਸ਼ਾਹ ! ਕਲ੍ਹ ਉਨ੍ਹਾਂ ਦਾ ਬਜ਼ਾਰ ਵਾਲੇ ਬੜਾ ਮੁਲ ਦੇ ਰਹੇ ਸਨ, ਪਰ ਧੰਨ ਹਨ ਭਾਈ ਉਦਮ ਜੀ ਜਿਨ੍ਹਾਂ ਨੇ ਬਜ਼ਾਰ ਲਕੜ ਨਹੀਂ ਵੇਚੀ, ਗੁਰੂ-ਕੇ-ਲੰਗਰ ਵਿਚ ਦਿਤੀ ਹੈ। ਸਾਰੀ ਰਾਤ ਤਿੰਨੇ ਪ੍ਰਾਣੀ ਲਕੜਾਂ ਢੋਂਦੇ ਰਹੇ ਹਨ।

ਸਤਿਗੁਰੂ ਜੀ ਲੰਗਰ ਦੇ ਮੁਖੀ ਦੀ ਗਲ ਬੜੇ ਪ੍ਰੇਮ ਨਾਲ ਸੁਣਦੇ ਰਹੇ ਫਿਰ ਬਚਨ ਕੀਤਾ, ਭਾਈ ਉਦਮ ਜੀ ਨੂੰ ਬੁਲਵਾਓ। ਸਤਿਗੁਰੂ ਜੀ ਦਾ ਬਚਨ ਪਾ ਕੇ ਫੌਰਨ ਇਕ ਸਿਖ ਭਾਈ ਉਦਮ ਜੀ ਦੇ ਘਰ ਗਿਆ ਅਤੇ ਸਤਿਗੁਰੂ ਜੀ ਦਾ ਹੁਕਮ ਸੁਣਾਇਆ। ਭਾਈ ਉਦਮ ਜੀ ਜੰਗਲ ਵਿਚੋਂ ਲਕੜਾਂ ਲਿਆਵਣ ਲਈ ਤਿਆਰ ਹੋ ਰਹੇ ਸਨ, ਪਰ ਸਤਿਗੁਰੂ ਜੀ ਦਾ ਬਚਨ ਸੁਣਦਿਆਂ ਹੀ ਬੋਲੇ ਧੰਨ ਭਾਗ ਜੋ ਮੈਂ ਮਾਮੂਲੀ ਜਹੇ ਸੇਵਕ ਨੂੰ ਮੇਰੇ ਦਾਤੇ ਨੇ ਯਾਦ ਕੀਤਾ ਹੈ। ਬਲਿਹਾਰ ਜਾਵਾਂ ਐਸੇ ਸਤਿਗੁਰੂ ਜੀ ਤੋਂ ! ਧੰਨ ਹੈਂ ਦਾਤਾ ! ਇਸ ਗਰੀਬ ਨੂੰ ਨਿਵਾਜਿਆ ਹੈ, ਇਉਂ ਬੋਲਦਾ, ਪ੍ਰਸੰਨ ਹੁੰਦਾ, ਸਤਿਗੁਰੂ ਜੀ ਦੀ ਉਸਤਤ ਕਰਦਾ ਹੋਇਆ, ਲੰਗਰ ਵਲ ਦੌੜ ਪਿਆ।

ਸਤਿਗੁਰੂ ਜੀ ਭਾਈ ਉਦਮ ਦੀ ਉਡੀਕ ਕਰ ਰਹੇ ਸਨ। ਭਾਈ ਉਦਮ, ਸਤਿਗੁਰੂ ਜੀ ਦੇ ਚਰਨਾਂ ਤੇ ਜਾ ਡਿਗਾ। ਸਤਿਗੁਰਾਂ ਨੇ ਬਾਂਹ ਪਕੜ ਕੇ ਉਠਾਇਆ ਤੇ ਬਚਨ ਕੀਤਾ, ਭਾਈ ਉਦਮ ਨਿਹਾਲ ਤੇਰੀ ਘਾਲ ਥਾਏਂ ਪਈ ਹੈ, ਧੁਰ ਦਰਗਾਹੋਂ ਨਿਹਾਲ ਹੋ ਗਿਆ ਏਂ, ਤੂੰ ਸਾਧ ਸੰਗਤ ਦੀ ਸੇਵਾ ਕੀਤੀ ਏ ਅਤੇ ਐਸੇ ਔਖੇ ਸਮੇਂ ਵੀ ਲੰਗਰ ਦੀ ਸੇਵਾ ਕੀਤੀ ਏ, ਅਸੀਂ ਤੇਰੇ ਤੇ ਬਹੁਤ ਖੁਸ਼ ਹਾਂ, ਮੰਗ ਕੀ ਮੰਗਦਾ ਏਂ ? ਪਾਤਸ਼ਾਹ ਕੀ ਮੰਗਾਂ !

ਲੋਕ ਲਾਜ ਤੋਂ ਸੰਗ ਕੇ ਕੁਝ ਬੋਲ ਨਾ ਸਕਿਆ। ਇਤਨੇ ਨੂੰ ਭਾਈ ਉਦਮ ਜੀ ਦੀ ਲੜਕੀ ਜੋ ਲੰਗਰ ਦੇ ਜੂਠੇ ਭਾਂਡੇ ਮਾਂਜ ਰਹੀ ਸੀ, ਬੋਲੀ, ਦਾਤਾ ! ਇਕ ਵੀਰ ਚਾਹੀਦਾ ਹੈ, ਮੇਹਰ ਕਰੋ ਇਕ ਵੀਰ ਦੀ ਦਾਤ ਬਖਸ਼ੋ। ਸਤਿਗੁਰੂ ਤਰੁਠੇ ਤੇ ਬੋਲੇ, ਅਛਾ ਬੇਟੀ ਕਰਤਾਰ ਤੇਰੀ ਇਛਾ ਪੂਰੀ ਕਰੇਗਾ। ਸਤਿਗੁਰੂ ਜੀ ਇਹ ਬਚਨ ਕਰਕੇ ਚਲੇ ਗਏ। ਸਾਰੀਆਂ ਸੰਗਤਾਂ ਸਤਿਗੁਰੂ ਜੀ ਦੇ ਇਸ ਬਚਨ ਨੂੰ ਸੁਣ ਕੇ ਬਹੁਤ ਹੀ ਖੁਸ਼ ਹੋਈਆਂ। ਕਿਉਂਕਿ ਭਾਈ ਉਦਮ ਦੀ ਸੇਵਾ ਨੂੰ ਵੇਖ ਕੇ ਸਾਰੀ ਸੰਗਤ ਖੁਸ਼ ਸੀ।

ਭਾਈ ਉਦਮ ਜੀ ਸਤਿਗੁਰੂ ਜੀ ਦਾ ਇਹ ਬਚਨ ਸੁਣ ਕੇ ਆਪਣੇ ਅੰਦਰ ਹੀ ਅੰਦਰ, ਸਤਿਗੁਰੂ ਜੀ ਦਾ ਧੰਨਵਾਦ ਕਰਦੇ ਹਨ। ਭਾਈ ਉਦਮ ਜੀ ਦੀ ਲੜਕੀ, ਛੇਤੀ ਛੇਤੀ ਲੰਗਰ ਦੇ ਭਾਂਡੇ ਸਾਫ ਕਰਕੇ ਦੌੜਦੀ ਦੌੜਦੀ ਆਪਣੀ ਮਾਤਾ ਦੇ ਕੋਲ ਆਈ ਅਤੇ ਖੁਸ਼ੀ ਵਿਚ ਆਖਣ ਲਗੀ, ਮਾਤਾ ਜੀ ! ਵੀਰ ਜੀ ਆ ਰਹੇ ਹਨ, ਮੇਰੇ ਸਕੇ ਵੀਰ ਜੀ। ਮਾਤਾ ਆਪਣੀ ਲੜਕੀ ਦੇ ਇਹ ਬਚਨ ਸੁਣ ਕੇ ਹੈਰਾਨ ਹੋ ਗਈ ਕਿ ਲੜਕੀ ਨੂੰ ਕੀ ਹੋ ਗਿਆ ਹੈ, ਬਚੀ ਕੀ ਪਈ ਆਖਦੀ ਏ ?

ਮਾਤਾ ਜੀ ਬਿਲਕੁਲ ਠੀਕ, ਮੇਰੇ ਵੀਰ ਜੀ ਆਉਣਗੇ। ਅਜ ਗੁਰੂ ਜੀ ਨੇ ਬਚਨ ਕਰ ਦਿਤਾ ਹੈ। ਭਾਈ ਉਦਮ ਜੀ ਦੀ ਧਰਮ-ਪਤਨੀ ਇਹ ਸੁਣ ਕੇ ਆਖਣ ਲਗੀ, ਬੇਟੀ ! ਸਚੇ ਸਤਿਗੁਰੂ ਜੀ ਦੇ ਘਰ ਕਿਸੇ ਚੀਜ਼ ਦੀ ਤੋਟ ਨਹੀਂ। ਸਤਿਗੁਰੂ ਜੀ ਚਾਹੁਣ ਤਾਂ ਖਾਲੀ ਨੂੰ ਭਰੇ ਪਲਾਂ ਵਿਚ ਕਰ ਸਕਦੇ ਹਨ। ਪਰ ਸਾਡੀ ਕਿਸਮਤ ਕਿਥੇ, ਨਾਲੇ ਉਮਰ ਤਾਂ ਵੇਖ।

ਇਹ ਬਚਨ ਕਹਿ ਹੀ ਰਹੀ ਸੀ, ਕਿ ਭਾਈ ਉਦਮ ਨੇ ਆ ਕੇ ਲੜਕੀ ਦੀ ਗਲ ਦੀ ਪ੍ਰੋੜਤਾ ਕਰ



www.AKJ.Org

# ਅੰਮ੍ਰਿਤ ਤੇ ਖਾਲਸਾ

(ਵਲੋਂ :-ਪ੍ਰਿੰਸੀਪਲ ਮੇਹਰ ਸਿੰਘ ਜੀ ਡੇਹਰਾਦੂਨ (ਯੂ. ਪੀ.)

ਕੁਝ ਸਿਆਣਿਆਂ ਦਾ ਕਥਨ ਹੈ ਕਿ ਮੌਤ ਤਿੰਨ ਪ੍ਰਕਾਰ ਦੀ ਹੁੰਦੀ ਹੈ । ਦੇਹ ਕਰ ਕੇ, ਚਰਿਤ੍ਰ ਕਰਕੇ ਤੇ ਆਤਮਾ ਕਰਕੇ । ਜਦ ਮਨੁਖ ਦੇਹ ਕਰਕੇ ਮੌਤ ਨੂੰ ਪ੍ਰਾਪਤ ਕਰਦਾ ਹੈ ਤਾਂ ਅਕਾਲ ਪੁਰਖ ਦੇ ਸਿਧਾਂਤ ਅਨੁਸਾਰ ਉਸਨੂੰ ਚੋਲਾ ਬਦਲਣਾ ਪੈਂਦਾ ਹੈ। ਇਸ ਸਮੇਂ ਉਸਨੂੰ ਸਰੀਰ ਕਰ ਕੇ ਕੁਝ ਕਸ਼ਟ ਕਰਮ ਅਨੁਸਾਰ ਉਠਾਣਾ ਪੈਂਦਾ ਹੈ । ਇਹ ਮੌਤ ਇਕ ਸਾਧਾਰਨ ਪਰੀਵਰਤਨ ਦਾ ਹੀ ਰੂਪ ਹੁੰਦੀ ਹੈ । ਦੂਜੇ ਪ੍ਰਕਾਰ ਦੀ ਮੌਤ ਜੋ ਚਰਿਤ੍ਰ ਕਰ ਕੇ ਹੈ, ਉਹ ਮੌਤ ਮਨੁਖ ਆਪਣੇ ਜੀਊਂਦਿਆਂ ਹੀ ਭੈੜੇ ਅਚਾਰ ਦੁਆਰਾ ਹਰ ਸਮੇਂ ਦੇਖਦਾ ਹੈ । ਇਹ ਇਕ ਭਿਆਨਕ ਮੌਤ ਹੈ ਜੋ ਮਨੁਖ ਨੂੰ ਤਪੇਦਿਕ ਦੇ ਕੀੜੇ ਵਾਂਗੂ ਖਾਂਦੀ ਜਾਂਦੀ ਹੈ, ਇਸ ਵਿਚ ਮਨੁਖ ਨੂੰ ਸਭ ਤੋਂ ਵਧੇਰੀ ਚੋਟ ਉਸ ਸਮੇਂ ਅੰਦਰੋਂ ਅੰਦਰ ਲਗਦੀ ਹੈ ਜਦੋਂ ਕਿ ਉਹ ਆਪ ਤਾਂ ਝੂਠਾ ਹੁੰਦਾ ਹੈ ਤੇ ਸਚਾ ਬਨਣ ਦਾ ਪਾਖੰਡ ਕਰਕੇ ਆਪਣੀ ਦੌਲਤ ਦੀ ਤਾਕਤ ਦੇ ਜ਼ੋਰ ਨਾਲ ਸਭ ਉਤੇ ਹਾਵੀ ਹੋ ਜਾਂਦਾ ਹੈ । ਉਸਦਾ ਬਾਹਰੀ ਰੂਪ ਹੋਰ ਹੁੰਦਾ ਹੈ ਪਰ ਅੰਦਰਲਾ ਰੂਪ, ਕਰੂਪ ਕੁਚੀਲ ਤੇ ਕਲਖਨ ਦੀ ਸਟੇਜ ਤੋਂ ਵੀ ਭੈੜਾ ਹੁੰਦਾ ਹੈ। ਤੀਜੀ ਮੌਤ ਜੋ ਆਤਮਕ ਹੈ ਉਹ ਸਭ ਤੋਂ ਜ਼ਿਆਦਾ ਹਾਨੀਕਾਰਕ ਤੇ ਭਿਆਨਕ ਹੈ ਜਿਸ ਦੀ ਮਦਦ ਦੂਜੇ ਪਰਕਾਰ ਦੀ ਮੌਤ ਵਾਲੇ ਕਰਮ ਬਹੁਤ ਹਦ ਤਕ ਕਰਦੇ ਹਨ, ਪਰ ਆਤਮਾਂ ਨੂੰ ਜੋ ਇਕ ਬਹੁਮੁਲ ਵਸਤੂ ਹੈ ਤੇ ਜਿਸਦਾ ਪਾਲਨ ਕਰਨਾ ਮਨੁਖ ਵਾਸਤੇ ਸਰੀਰ ਤੋਂ ਵੀ ਵਧ ਹੈ ਤੇ ਉਸਨੂੰ ਬਲਵਾਨ ਕਰਨਾ ਸਾਡਾ ਸਭ ਤੋਂ ਮੁਖ ਕੰਮ ਹੈ । ਨਾਮ ਬਾਣੀ ਤੇ ਸਿਮਰਨ ਦੀ ਖੁਰਾਕ ਜ਼ਰੂਰੀ ਹੈ । ਇਹ ਨਹੀਂ ਤਾਂ ਮਨੁਖ ਬੇਜ਼ਾਰ ਹੈ ਉਹ ਆਪਣੇ ਜੀਵਨ ਦਾ ਵਡਾ ਉਦੇਸ਼ ਪੂਰਾ ਨਹੀਂ ਕਰ ਸਕੇਗਾ ਉਸਦੀ ਜੀਵਨ ਯਾਤ੍ਰਾ ਬੇਅਰਥ ਹੈ । ਆਤਮਾ ਅਮਰ ਹੁੰਦੀ ਹੈ ਪਰ

---

*ਦਿਤੀ। ਹੁਣ ਇਹ ਪ੍ਰਵਾਰ ਸਤਿਗੁਰੂ ਜੀ ਦੀ ਹੋਰ ਵੀ ਲਗਨ ਨਾਲ ਸੇਵਾ ਵਿਚ ਜੁਟ ਪਿਆ, ਅਤੇ ਸਤਿਗੁਰੂ ਦੇ ਬਚਨ ਨਿਤ ਹੀ ਯਾਦ ਕਰਦੇ ਹਨ। ਸਮਾਂ ਪਾ ਕੇ ਭਾਈ ਜੀ ਦੇ ਘਰ ਪੁਤਰ ਨੇ ਜਨਮ ਲਿਆ ।

ਅਜ ਇਹ ਪ੍ਰਵਾਰ ਬੜੀ ਖੁਸ਼ੀ ਵਿਚ ਝੂਮ ਰਿਹਾ ਹੈ ਤੇ ਗਾ ਰਿਹਾ ਹੈ :—

'ਸਤਿਗੁਰ ਕੀ ਸੇਵਾ ਸਫਲੁ ਹੈ,
ਜੇ ਕੋ ਕਰੇ ਚਿਤੁ ਲਾਇ ॥
ਮਨਿ ਚਿੰਦਿਆ ਫਲੁ ਪਾਵਣਾ,
ਹਉਮੈ ਵਿਚਹੁ ਜਾਇ ॥

ਭਾਈ ਉਦਮ ਦੀ ਸੇਵਾ ਥਾਇ ਪਈ ।

ਨੋਟ:—ਭਾਈ ਉਦਮ ਦਾ ਇਹੋ ਪੁਤਰ ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਰਾਇ ਸਾਹਿਬ ਜੀ ਤਕ ਗੁਰੂ ਘਰ ਦੀ ਸੇਵਾ ਕਰਦਾ ਰਿਹਾ ਅਤੇ ਇਹਨਾਂ ਦੀ ਹੀ ਬੰਸ ਵਿਚੋਂ ਕੈਂਥਲ ਦੇ ਰਾਜੇ ਰਾਜਾ ਲਾਲ ਸਿੰਘ ਤੇ ਰਾਜਾ ਉਦੇ ਸਿੰਘ ਜੀ ਹੋਏ ਹਨ, ਜਿਹੜੇ ਗੁਰੂ ਘਰ ਦੇ ਅਤਿਅੰਤ ਸ਼ਰਧਾਲੂ ਰਹੇ ।



www.AKJ.Org

ਉਹ ਆਤਮਕ ਰੂਪ ਤੇ ਮੁਰਦਾ ਹਨ ਜੋ ਆਤਮਕ ਤਰੱਕੀ ਵਲ ਕਦਮ ਨਹੀਂ ਉਠਾਂਦੇ ਤੇ ਕੁਕਰਮਾਂ ਵਿਚ ਜੀਵਨ ਗੁਜ਼ਾਰਦੇ ਹਨ ।

ਚਿਰਕਾਲ ਤੋਂ ਹੀ ਮਨੁਖ ਭੈਭੀਤ ਰਿਹਾ ਹੈ, ਜੀਵਨ ਯਾਤ੍ਰਾ ਕਰਦਿਆਂ ਹੋਇਆਂ ਉਸ ਨੂੰ ਇਸਦਾ ਹਰ ਸਮੇਂ ਲਗਾਤਾਰ ਭੈ ਲਗਾ ਰਹਿੰਦਾ ਹੈ ਤੇ ਲਗਾ ਰਹਿਆ ਹੈ । ਇਸ ਤੋਂ ਛੁਟਕਾਰਾ ਪਾਉਣ ਲਈ ਆਪਣੀ ਚਾਤਰੀ ਨੂੰ ਵੀ ਵਰਤ ਕੇ ਇਸ ਨੇ ਕਈ ਉਪਰਾਲੇ ਕੀਤੇ । ਫ਼ਾਰਸੀ ਕਿਤਾਬਾਂ ਵਿਚ 'ਲੁਕਮਾਨ' ਦੇ ਆਪਣੀ ਮੌਤ ਸਮੇਂ ਚਾਲੀ ਬੁਤ ਐਨ-ਬੈਨ ਅਪਣੇ ਵਰਗੇ ਬਨਾਉਣ ਦਾ ਵੀ ਸੰਕੇਤ ਆਉਂਦਾ ਹੈ, ਪਰ ਮੌਤ ਉਹਨਾਂ ਤਿੰਨਾਂ ਚੀਜ਼ਾਂ (ਜੰਮਨਾ,ਮਰਨਾ, ਰਿਜ਼ਕ) ਵਿਚੋਂ ਇਕ ਹੈ ਜਿਸਤੇ ਮਨੁਖ ਦਾ ਕੋਈ ਅਧਿਕਾਰ ਨਹੀਂ । ਇਸੇ ਲਈ ਹਰ ਜੀਵਧਾਰੀ ਇਸ ਦਾ ਸਦਾ ਲਈ ਕਲੇਵਾ ਬਨਦੇ ਰਹੇ, ਤੇ ਰਹਿਣਗੇ ਤੇ ਬਨਦੇ ਰਹਿੰਦੇ ਹਨ । ਅੰਤ ਵੇਲੇ ਮਨੁਖ ਤੋਂ ਛੁਟ ਹੋਰ ਸਾਰੀ ਕਾਇਨਾਤ ਦੇ ਵਡੇ ਵਡੇ ਦੇਵਤਾ ਰਿਸ਼ੀ ਮੁਨੀ ਤੇ ਉਸਦੇ ਤਿੰਨ ਮਹਾਨ ਰੁਕਣ ਇਸ ਤੋਂ ਬੇਵਸ ਹੋ ਕੇ ਬੈਠ ਗਏ । ਫਿਰ ਵੀ ਇਸ ਇਛਾ ਨੇ ਨਾਲੋ ਨਾਲ ਇਸਦੇ ਹਿਰਦੇ ਵਿਚ ਇਕ ਥਾਂ ਮੱਲੀ ਹੀ ਰਖੀ ਤੇ ਮਨੁਖ ਇਹ ਸੋਚਦਾ ਹੀ ਰਿਹਾ ਕਿ ਜੇ ਇਹ ਸਰੀਰਕ ਮੌਤ ਤੋਂ ਛੁਟਕਾਰਾ ਨਹੀਂ ਪਾ ਸਕਦਾ ਤਾਂ ਕਿਸੇ ਤਰ੍ਹਾਂ ਆਤਮਕ ਮੌਤ ਤੋਂ ਹੀ ਬਚ ਸਕੇ ਜੇਹੜੀ ਕਿ ਇਸਦੇ ਕੁਝ ਵਸ ਦੀ ਚੀਜ਼ ਹੈ । ਇਸ ਪ੍ਰਕਾਰ ਦੀ ਮੌਤ ਤੋਂ ਬਚਣਾ ਇਸ ਦੇ ਜੀਵਨ ਯਾਤ੍ਰਾ ਦੀ ਸਫ਼ਲਤਾ ਹੈ ਤੇ ਵਡੇ ਮਕਸਦ ਦੀ ਪੂਰਤੀ ਹੈ ।

ਸੋ ਮਨੁਖ ਨੂੰ ਧਾਰਮਕ ਦਾਇਰੇ ਵਿਚ ਆਉਣਾ ਪਿਆ ਤੇ ਅਪਣੀ ਚਾਤਰੀ ਨੂੰ ਛਡ ਕੇ ਗੁਰੂ ਦੀ ਸ਼ਰਨ ਜਿਹੜੀ ਕਿ ਇਕ ਮਹਾਨ ਸ਼ਕਤੀ ਦਾ ਸੋਮਾ ਹੈ, ਦਾ ਆਸਰਾ ਲੈਣਾ ਪਿਆ ਤੇ ਉਸਦਾ ਝੁਕਾਉ ਸ਼ਰਧਾ ਤੇ ਪ੍ਰੇਮ ਵਲ ਹੋਇਆ । ਇਸ 'ਅਮਰ ਹੋਣ' ਨੂੰ ਪ੍ਰਾਪਤ ਕਰਨ ਲਈ ਪਰਮਾਤਮਾਂ ਦੇ ਹਰ ਉਸ ਪੈਦਾ ਕੀਤੇ ਹੋਏ ਜੀਵਧਾਰੀ ਨੇ, ਚਾਹੇ ਉਹ ਦੇਵਤਾ ਹੈ, ਚਾਹੇ ਮਨੁਖ ਤੇ ਚਾਹੇ ਉਹ ਰਾਖਸ਼ ਹੈ, ਚਾਹੇ ਉਹ ਕੁਝ ਹੋਰ ਹੈ ਇਕ ਐਸੀ ਚੀਜ਼ ਦੀ ਖੋਜ ਸ਼ੁਰੂ ਕੀਤੀ ਜਿਸਦਾ ਗੁਣ ਜੀਵਧਾਰੀ ਲਈ ਸਦੈਵ ਜੀਵਨ ਬਖ਼ਸ਼ਣ ਵਾਲਾ ਸੀ । ਉਸ ਵਸਤੂ ਦਾ ਨਾਮ 'ਅੰਮ੍ਰਿਤ' ਰਖਿਆ । ਇਸੇ ਅੰਮ੍ਰਿਤ ਦੇ ਬਾਰੇ ਕਿਹਾ ਹੈ ਕਿ ਇਹ ਵਸਤੂ ਸਮੁੰਦ ਮਥਨ ਤੋਂ ਪ੍ਰਾਪਤ ਹੋਈ । ਸੰਸਾਰ ਵਿਚ ਆਏ ਹੋਣ ਮਹਾਨ ਵਿਅਕਤੀ ਵੀ ਇਸਦੀ ਖੋਜ ਕਰਦੇ ਰਹੇ । ਉਹਨਾਂ ਨੇ ਆਪਣੇ ਲਈ ਕੀ, ਆਪਣੇ ਮੰਨਣ ਵਾਲਿਆਂ ਨੂੰ ਵੀ ਇਹ ਅਮੁਲੀ ਦਾਤ ਦੇਣ ਵਾਸਤੇ ਇਸ ਦੀ ਹੋਂਦ ਨੂੰ ਹੀ ਨਹੀਂ ਸਪਸ਼ਟ ਕੀਤਾ ਬਲਕਿ ਇਹ ਚੀਜ਼ ਦੇਣੀ ਵੀ ਚਾਹੀ । ਅੰਮ੍ਰਿਤ ਇਕ ਐਸੀ ਚੀਜ਼ ਹੈ ਜਿਹੜੀ ਮਨੁਖ ਨੂੰ ਮੌਤ ਦੇ ਭੈ ਤੋਂ ਛੁਡਾਉਣ ਦੀ ਸ਼ਕਤੀ ਰਖਦੀ ਹੈ । ਫਾਰਸੀ ਵਿਚ ਇਸ ਨੂੰ (ਆਬੇਹਯਾਤ) ਆਖਦੇ ਹਨ ਕਿ ਸਿਕੰਦਰ ਬਾਦਸ਼ਾਹ ਜੈਸੇ ਆਲਮਗੀਰ ਨੇ ਵੀ ਇਸਦੀ ਖੋਜ ਕੀਤੀ ਪਰ ਆਤਮਕ ਉਡਾਰੀ ਬਗੈਰ ਉਸ ਨੂੰ ਕਾਮਯਾਬੀ ਨ ਹੋ ਸਕੀ । ਪਰਾਚੀਨ ਕਾਲ ਤੋਂ ਇਹ ਵਸਤੂ ਚਰਨਾਮ੍ਰਿਤ ਦੇ ਨਾਉਂ ਨਾਲ ਮਸ਼ਹੂਰ ਰਹੀ । ਇਸਦੀ ਹੋਂਦ ਤੋਂ ਬਹੁਤ ਜਾਣੂ ਸਨ, ਪਰ ਇਸਦੀ ਕਲਾ ਦਾ ਪ੍ਰਯੋਗ ਠੀਕ ਨ ਹੋਣ ਕਰਕੇ ਇਸਦਾ ਪੂਰੇ ਅਸਰ ਤੋਂ ਬੇਖ਼ਬਰ ਹੀ ਰਹੇ । ਸੋ ਇਹ ਚੀਜ਼ ਆਮ ਨਾ ਹੋ ਸਕੀ । ਗੁਰੂ ਸਾਹਿਬਾਨ (ਪਹਿਲੀ ਪਾਤਸ਼ਾਹੀ ਤੋਂ ਲੈਕੇ ਨਾਵੀਂ ਤਕ) ਆਪਣੇ ਸਿਖਾਂ ਨੂੰ ਚਰਨ ਪਾਹੁਲ ਦੇ ਕੇ ਸੁਰਜੀਤ ਕਰਦੇ ਰਹੇ, ਪਰ ਅਭਾਗਾ ਮਨੁਖ ਆਪਣੀ ਅੰਦਰਲੀ ਕਮਜ਼ੋਰੀ ਕਰ ਕੇ ਇਸ ਸ਼ਾਨਦਾਰ ਚੀਜ਼ ਤੋਂ ਪੂਰੀ ਤਰ੍ਹਾਂ ਬਹਰਾਵਰ ਨਾ ਹੋ ਸਕਿਆ । ਬਹੁਤ ਸਾਰੇ ਅੰਦਰਲੀ ਰੰਗਣ ਪ੍ਰਾਪਤ ਕਰ ਗਏ ਤੇ ਉਹਨਾਂ ਉਚੀਆਂ ਉਡਾਰੀਆਂ ਵੀ ਮਾਰੀਆਂ, ਜਿਨ੍ਹਾਂ ਨੇ ਸ਼ਹੀਦੀ ਵੀ ਪ੍ਰਾਪਤ ਕੀਤੀ ਤੇ ਇਸੇ ਵਸਤੂ ਦੇ ਬਲਬੂਤੇ ਤੇ ਕੀਤੀ ।

ਉਹ ਕੇਹੜਾ ਘਾਟਾ ਸੀ ਜੋ ਮਨੁਖ ਦੇ ਅੰਦਰ ਪ੍ਰਵੇਸ਼ ਕਰੀ ਬੈਠਾ ਸੀ ? ਉਹ ਸੀ ਮਨੁਖ ਵਿਚ ਮਰਦਊ-ਪੁਣੇ ਦੀ ਕਮੀ, ਜੇਹੜੀ ਕਿ ਕੁਝ ਤਾਂ ਦੇਸ਼



www.AKJ.Org

ਦੀ ਭੂਗੋਲਕ ਦਸ਼ਾ ਦੇ ਕਾਰਨ ਬਾਹਰਲੇ ਆਕ੍ਰਮਨ-ਕਾਰੀਆਂ ਵਲੋਂ ਪੈ ਗਈ ਸੀ,ਮਨੁਖ ਦੀ ਇਸ ਬੀਮਾਰੀ ਨੂੰ ਉਸਦੇ ਦਿਲ ਦੇ ਅੰਦਰਲੇ ਪੜਦੇ ਵਿਚੋਂ ਲਭਣ ਲਈ, ਮਹਾਨ ਡਾਕਟਰ, ਗੁਰੂ ਗੋਬਿੰਦ ਸਿੰਘ ਜੀ ਨੂੰ ਅਕਾਲ ਪੁਰਖ ਨੇ 'ਮੈਂ ਆਪਣਾ ਸੁਤ ਤੋਹਿ ਨਿਵਾਜਾ, ਪੰਥ ਪ੍ਰਚੁਰ ਕਰਬੇ ਕੋ ਸਾਜਾ' ਕਹਿ ਕੇ ਤੇ ਨਾਲ ਹੀ ਨਾਲ ਮਨੁਖ ਵਿਚ ਮਰਦਊਪੁਣਾ ਭਰਨ ਲਈ ਭੇਜਿਆ ਜੋ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਦਸਵੀਂ ਜੋਤ ਹੋ ਕਰ ਕੇ ਉਹਨਾਂ ਦੇ ਚਲਾਏ ਹੋਏ ਮਿਸ਼ਨ ਨੂੰ ਪੂਰਾ ਕਰਨ ਲਈ ਮਨੁਖੀ ਜਾਮੇ ਵਿਚ ਆਏ ਤੇ ਜਿਨ੍ਹਾਂ ਨੇ ਅੰਮ੍ਰਿਤ-ਸੰਚਾਰ ਦੇ ਕੰਮ ਨੂੰ ਨਵੀਂ ਸ਼ਕਲ ਦੇ ਕੇ ਅਮਲੀ ਤੌਰ ਤੇ ਦੁਨੀਆਂ ਅਗੇ ਇਹ ਸਪਸ਼ਟ ਕੀਤਾ ਕਿ ਅੰਮ੍ਰਿਤ ਕੀ ਹੈ ? ਇਸਦੀ ਮਨੁਖ ਨੂੰ ਕਿਉਂ ਜ਼ਰੂਰਤ ਹੈ ? ਇਸ ਦਾ ਕੀ ਅਸਰ ਹੈ ? ਇਹ ਸੁਰਜੀਤ ਕਰਨ ਵਾਲੀ ਬੂਟੀ ਕਿਸ ਤਰ੍ਹਾਂ ਤੇ ਕਿਸ ਵਿਧੀ ਨਾਲ ਸੰਭਾਲੀ ਜਾ ਸਕਦੀ ਹੈ ? ਤੇ ਫੇਰ ਇਹ ਕਿਸ ਤਰ੍ਹਾਂ ਅਗੇ ਪਹੁੰਚਾਈ ਜਾ ਸਕਦੀ ਹੈ ਤੇ ਕਿਨ੍ਹਾਂ ਗੁਣਾਂ ਕਰ ਕੇ ਸਿਖ ਇਸ ਦਾ ਅਧਕਾਰੀ ਬਣ ਸਕਦਾ ਹੈ ?

ਜਿਨ੍ਹਾਂ ਸਿੰਘਾਂ ਨੇ ਗੁਰੂ ਸਾਹਿਬਾਨ ਦੀ ਚਲਾਈ ਹੋਈ ਰਸਮ ਰੀਤੀ ਅੰਮ੍ਰਿਤ ਵਿਧੀ ਅਨੁਸਾਰ ਆਪਣੇ ਜੀਵਨ ਨੂੰ ਅੰਮ੍ਰਿਤ ਛਕ ਕੇ ਸਫਲ ਕੀਤਾ ਹੈ ਉਹ ਨਾਲ ਨਾਲ ਇਹ ਵੀ ਪੂਰਨੇ ਪਾ ਗਏ ਹਨ ਕਿ 'ਹੁਕਮ ਮੰਨਿ ਹੋਵੈ ਪ੍ਵਾਨ' ਅਨੁਸਾਰ ਗੁਰਸਿਖ ਸਿਖੀ ਦਾਤ ਅੰਮ੍ਰਿਤ ਸੰਚਾਰ ਦਵਾਰਾ ਪ੍ਰਾਪਤ ਕਰ ਕੇ ਸਿੰਘ ਕਿਵੇਂ ਪੁਗ ਖਲੋਂਦੇ ਹਨ ਤੇ 'ਜਿਉ ਜਲ ਮੈਂ ਜਲ ਆਏ ਖਟਾਨਾ । ਤਿਉ ਜੋਤੀ ਸੰਗ ਜੋਤ ਸਮਾਨਾ ।' ਵਾਲੀ ਪਦਵੀ ਤੇ ਕਿਸ ਪ੍ਰਕਾਰ ਪਹੁੰਚ ਜਾਂਦੇ ਹਨ । ਅੰਮ੍ਰਿਤ ਜੁਵਾਬ ਕੋਈ ਨਹੀਂ, ਕੇਵਲ ਉਹ ਹੀ ਜਾਣ ਸਕਦਾ ਹੈ ਜਿਸਨੂੰ ਗੁਰੂ ਵਲੋਂ ਇਹ ਦਾਤ ਮਿਲੇ ਤੇ ਆਤਮ-ਰੰਗਨ ਨਾਲ ਸਰਸ਼ਾਰ ਕਰੇ ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਅੰਮ੍ਰਿਤ ਨਾਲ ਅਤੁਟ ਪਿਆਰ ਕਰਨ ਵਾਲੇ ਅਜ ਕਲ ਦੇ ਸਮੇਂ ਵਿਚ ਇਕ 'ਪੂਰਨ ਸਿਖ' ਹੋਏ ਹਨ । ਉਹਨਾਂ ਨੇ ਆਪਣੀ ਪੁਸਤਕ 'ਅੰਮ੍ਰਿਤ ਕੀ ਹੈ' ਵਿਚ ਜੋ ਲਿਖਿਆ ਹੈ ਉਸ ਵਿਚ ਉਹਨਾਂ ਨੇ ਅਪਣਾ ਅਨਭਵ ਦਸਦਿਆਂ ਹੋਇਆਂ ਕਿਹਾ ਹੈ ਕਿ ਅੰਮ੍ਰਿਤ ਦੀ ਕਲਾ ਕਿਸ ਪ੍ਰਕਾਰ ਸਾਂਗੋ ਪਾਂਗ ਸਿਖ ਨੂੰ ਅੰਮ੍ਰਿਤ ਰੂਪ ਬਣਾ ਦੇਂਦੀ ਹੈ । ਭਾਈ ਸਾਹਿਬ ਨੇ ਆਪ ਜਿਸ ਪ੍ਰਕਾਰ ਅੰਮ੍ਰਿਤ ਦੀ ਸੰਭਾਲ ਕੀਤੀ ਹੈ ਉਸੇ ਹੀ ਪਿਆਰ ਨਾਲ ਇਸਨੂੰ ਅਗੇ ਗੁਰਸਿਖ ਵਲ ਕਰਨ ਦਾ ਸੌ ਫੀ ਸਦੀ ਠੀਕ ਤੇ ਯੋਗ ਉਪਰਾਲਾ ਕਰਕੇ ਅਨੇਕਾਂ ਭਟਕੀਆਂ ਰੂਹਾਂ ਨੂੰ ਗੁਰੂ ਆਗਿਆ ਅਨੁਸਾਰ ਸ਼ਾਨਤੀ ਤੇ ਬਖ਼ਸ਼ਿਸ਼ ਵਰਤਾਈ ਹੈ ਜੇਹੜੀ ਕਿ ਇਕ ਪੁਗ-ਖਲੋਤੇ ਸਿਖ ਦੇ ਅਮਲੀ ਜੀਵਨ ਦੀ ਇਕ ਸੁਚੱਜੀ ਸੇਵਾ ਹੈ । ਆਉ ਹੁਣ ਅਸੀਂ ਅਮਰ ਕਰਨ ਵਾਲੀ ਗੁਰੂ ਦੀ ਦਾਤ ਦਾ ਵਰਨਣ ਵਖੋ ਵਖ ਪਹਿਲੂਆਂ ਤੋਂ ਕਰੀਏ ਤੇ ਇਸ ਨੂੰ ਸਮਝੀਏ !

## ਅੰਮ੍ਰਿਤ ਛਕਣ ਤੋਂ ਪਹਿਲੋਂ ਤਿਆਰੀ ਦੀ ਜ਼ਰੂਰਤ

ਇਹ ਤਾਂ ਜ਼ਰੂਰੀ ਹੋ ਗਿਆ ਕਿ ਸਿਖ ਵਾਸਤੇ ਅੰਮ੍ਰਿਤ ਦਾ ਛਕਣਾ ਹੀ ਧਰਮ ਹੈ । ਇਹ ਅੰਮ੍ਰਿਤ ਜੀਵਨ-ਦਾਤਾ ਹੈ । ਆਤਮਕ ਜ਼ਿੰਦਗੀ ਦੀ ਇਹ ਜਿੰਦ ਜਾਨ ਹੈ । ਐਸੀ ਜ਼ਿੰਦਗੀ ਅੰਮ੍ਰਿਤ ਕਲਾ ਤੋਂ ਹੀ ਪ੍ਰਾਪਤ ਹੋ ਸਕਦੀ ਹੈ । ਹੁਣ ਇਸ ਤੇ ਵਿਚਾਰ ਕਰੀਏ ਕਿ ਐਸੀ ਚੀਜ਼ ਦ ਪ੍ਰਾਪਤੀ ਵਾਸਤੇ ਕੀ ਕੀ ਵਸੀਲੇ ਅਪਨਾਏ ਜਾਣ ਜਿਨ੍ਹਾਂ ਨਾਲ ਕਿ ਇਕ ਚਾਹਵਾਨ ਠੀਕ ਠੀਕ ਇਸਨੂੰ ਗ੍ਰਹਿਣ ਕਰ ਸਕੇ । ਦੁਨਿਆਵੀ ਨੁਕਤਾ ਨਿਗਾਹ ਨਾਲ ਦੇਖੋ ਤਾਂ ਵਿਆਹ ਸ਼ਾਦੀ ਦੀ ਤਿਆਰੀ ਲਈ ਸਾਨੂੰ ਬਹੁਤ ਸਾਰੇ ਸਾਮਾਨ ਦਾ ਜੁਕਾੜ ਕਰਨਾ ਪੈਂਦਾ ਹੈ । ਪਰਦੇਸ ਜਾਣ ਵਾਸਤੇ ਵੀ ਸਾਮਾਨ ਇਕੱਠਾ ਕਰਨ ਦੇ ਇਲਾਵਾ ਪਰਦੇਸ ਤੋਂ ਆਏ ਹੋਏ ਕਿਸੇ ਸਿਆਣੇ ਜਾਣੂ ਕੋਲੋਂ ਵੀ ਕੁਝ ਹਦਾਇਤ ਲੈਣ ਦੀ ਜ਼ਰੂਰਤ ਹੁੰਦੀ ਹੈ । ਕਿਸੇ ਕਾਰਖਾਨੇ ਵਿਚ ਕੋਈ ਚੀਜ਼ ਬਨਾਉਣ ਵਾਸਤੇ ਉਸ ਲਈ ਵਾਜਬ ਸਾਮਾਨ ਦਾ ਇਕੱਠਾ ਕਰਨਾ ਹੀ ਉਸ ਚੀਜ਼



www.AKJ.Org

ਦੀ ਉਤਪਤੀ ਦਾ ਯੋਗ ਸਾਧਨ ਹੈ। ਕਿਸੇ ਮੁਕਾਬਲੇ ਦੇ ਇਮਤਿਹਾਨ ਵਾਸਤੇ ਵੀ ਕੁਝ ਆਮ ਤੇ ਕੁਝ ਖ਼ਾਸ ਪੜ੍ਹਾਈ ਵੀ ਕਰਨੀ ਪੈਂਦੀ ਹੈ। ਸਾਇੰਸ ਦੀ ਕਿਸੇ ਵੀ ਈਜਾਦ ਵਾਸਤੇ ਬਹੁਤ ਸਾਰੀ ਖੋਜ ਦੀ ਜ਼ਰੂਰਤ ਪੈਂਦੀ ਹੈ। ਇਹ ਸਭ ਕੁਝ ਠੀਕ ਹੈ। ਹਰ ਕੰਮ ਵਿਚ ਕਿਸੇ ਧਨ ਤੇ ਜਜ਼ਬੇ ਦੀ ਜ਼ਰੂਰਤ ਹੁੰਦੀ ਹੈ ਤੇ ਉਸ ਜਜ਼ਬੇ ਦੀ ਠੀਕ ਵਰਤੋਂ ਨਾਲ ਹੀ ਸਫ਼ਲਤਾ ਮਿਲਦੀ ਹੈ।

ਦੁਨਿਆਵੀ ਵਸਤੂਆਂ ਦੀ ਪ੍ਰਾਪਤੀ ਤੇ ਆਤਮਕ ਖੋਜ ਦਾ ਮੁਕਾਬਲਾ ਕਰਕੇ ਸੋਚਿਆ ਜਾ ਸਕਦਾ ਹੈ ਕਿ ਅੰਮ੍ਰਿਤ ਜੈਸੀ ਅਮੋਲਕ ਚੀਜ਼ ਦੀ ਪ੍ਰਾਪਤੀ ਦੀ ਜੇ ਕੋਈ ਖਾਹਸ਼ ਕਰੇ ਤਾਂ ਉਸ ਨੂੰ ਵੀ ਕਿਸੇ ਅਣਥਕ, ਲਗਾਤਾਰ ਤੇ ਦਿਲੀ ਜਜ਼ਬੇ ਨਾਲ ਕਾਫ਼ੀ ਹਦ ਤਕ ਤਿਆਰੀ ਕਰਨ ਦੀ ਜ਼ਰੂਰਤ ਹੈ।

ਸਭ ਤੋਂ ਪਹਿਲੋਂ ਅੰਮ੍ਰਿਤ ਦੇ ਮੁਤਲਾਸ਼ੀ ਲਈ ਉਹਨਾਂ ਗੁਰਸਿਖਾਂ ਦੀ ਤਲਾਸ਼ ਜ਼ਰੂਰੀ ਹੈ ਜਿਹੜੇ ਆਤਮਕ ਰਸਤੇ ਤੇ ਤਿਆਰ ਬਰ ਤਿਆਰ ਹੋ ਕੇ ਚਲ ਰਹੇ ਹੁੰਦੇ ਹਨ ਕਿਉਂ ਜੋ ਆਤਮਕ ਦੀਪਕ ਆਤਮਕ ਹਿਰਦੇ ਤੋਂ ਹੀ ਜਗ ਸਕਦਾ ਹੈ। ਐਸੇ ਪ੍ਰੇਮੀ ਸਾਧ ਸੰਗਤ ਵਿਚੋਂ ਹੀ ਮਿਲ ਸਕਦੇ ਹਨ। ਵੈਸੇ ਤਾਂ ਇਹਨਾਂ ਦੀ ਪਰਖ ਇਕ ਅਨਾੜੀ ਕੀ ਕਰੇਗਾ ? ਪਰ ਫੇਰ ਵੀ ਇਕ ਸਚੇ ਮੁਤਲਾਸ਼ੀ ਦੇ ਅਰਦਾਸੇ ਵਿਚ ਅਸਰ ਹੁੰਦਾ ਹੈ। ਉਸ ਦੇ ਅਰਦਾਸੇ ਗੁਰੂ ਸੁਣੇਗਾ ਅਤੇ ਉਸਨੂੰ ਐਸੇ ਸਜਨਾਂ ਦਾ ਮੇਲ ਹੋ ਜਾਵੇਗਾ। ਐਸੇ ਸਜਨਾਂ ਦੀ ਦ੍ਰਿਸ਼ਟੀ ਗੁਰੂ ਆਗਿਆ ਅਨੁਸਾਰ ਸਚੇ ਮੁਤਲਾਸ਼ੀ ਦੀ ਆਪ ਹੀ ਮੁਤਲਾਸ਼ੀ ਹੁੰਦੀ ਹੈ ਉਹ ਵੀ ਉਧਰ ਬੇਤਾਬ ਹੋਵੇਗੀ ਤੇ ਠੀਕ ਸਮਾਂ ਆਉਣ ਤੋਂ ਪਹਿਲੋਂ ਉਹਨਾਂ ਦੀ ਛੋਹ ਉਸ ਨੂੰ ਆਪ ਮੁਹਾਰੇ ਮਿਲੇਗੀ। ਉਸਤੋਂ ਮਗਰੋਂ ਗੁਰਮਤਿ ਦਾ ਮੁਤਲਾਸ਼ੀ ਅਰਥਾਤ ਅੰਮ੍ਰਿਤ ਦਾ ਚਾਹਵਾਨ ਅਪਣੇ ਹਿਰਦੇ ਵਿਚ ਇਕ ਤੜਪ ਜੇਹੀ ਮਹਿਸੂਸ ਕਰੇਗਾ ਅਤੇ ਉਹ ਪ੍ਰੇਮੀ ਅਪਣੇ ਆਪ ਉਹਨਾਂ ਜਿਹਾ ਬਣ ਜਾਣ ਦੀ ਉਮੀਦ ਕਰਨ ਲਗੇਗਾ ਕਿਉਂ ਜੋ ਉਹਨਾਂ ਦੀ ਸੰਗਤ ਪਾਰਸ ਕਲਾ ਵਾਲੀ ਹੁੰਦੀ ਹੈ।

ਉਸ ਤੋਂ ਮਗਰੋਂ ਸਿਖ ਦਾ ਕੰਮ ਇਹ ਹੈ ਕਿ ਉਹ ਉਹਨਾਂ ਦੇ ਗੁਰਮਤਿ ਦੇ ਤਰੀਕੇ ਨੋਟ ਕਰੇ ਤੇ ਉਹਨਾਂ ਤੇ ਆਪ ਚਲੇ। ਇਹਨਾਂ ਨੂੰ ਆਪਣੇ ਅਮਲੀ ਜੀਵਨ ਵਿਚ ਲਿਆਉਣਾ ਅਪਣਾ ਅਸੂਲ ਬਣਾਏ। ਆਪਣੀਆਂ ਖਾਹਸ਼ਾਂ ਨੂੰ ਘਟ ਕਰੇ। ਖਾਣ ਪੀਣ ਵਿਚ ਇਹਤਦਾਲ ਵਰਤੇ ਤੇ ਇਹਤਿਆਤ ਰਖੇ। ਅਪਣੀਆਂ ਗਿਆਨ ਇੰਦ੍ਰੀਆਂ ਦਾ ਠੀਕ ਇਸਤੇਮਾਲ ਸਿਖੇ। ਜੇ ਉਹ ਇਹਨਾਂ ਤੇ ਇਸ ਸਮੇਂ ਤੋਂ ਹੀ, ਜੇਹੜਾ ਕਿ ਉਸ ਦਾ ਸਿਖਲਾਈ ਦਾ ਸਮਾਂ ਕਿਹਾ ਜਾਂਦਾ ਹੈ, ਕੰਟਰੋਲ ਕਰੇਗਾ ਯਾ ਕਰਨਾ ਸਿਖਣ ਲਗ ਪਵੇਗਾ ਤਾਂ ਉਸਨੂੰ ਅੰਮ੍ਰਿਤ ਪਾਨ ਕਰਨ ਤੋਂ ਮਗਰੋਂ ਇਹਨਾਂ ਤੇ ਪੱਕਾ ਕਾਬੂ ਪਾਣ ਵਿਚ ਕਠਨਾਈ ਨਹੀਂ ਹੋਵੇਗੀ। ਸਿਖ ਗੁਰਬਾਣੀ ਪੜ੍ਹੇ, ਵਿਚਾਰੇ ਤੇ ਯਾਦ ਕਰੇ ਤੇ ਇਸ ਦਾ ਆਸ਼ਾ ਸਮਝਣ ਦੀ ਕੋਸ਼ਸ਼ ਕਰੇ। ਆਪਣੇ ਬੋਲ ਚਾਲ ਦੇ ਤਰੀਕੇ ਨੂੰ ਗੁਰਮਤਿ ਅਨੁਸਾਰ ਠੀਕ ਕਰੇ। ਬਚਨ ਵਿਚ ਮਿਠਾਸ ਪੈਦਾ ਕਰਨਾ ਸਭ ਤੋਂ ਜ਼ਰੂਰੀ ਹੈ। ਗੁਰਸਿਖ ਆਪਣੇ ਵਿਚ ਬਰਦਾਸ਼ਤ ਦੀ ਤਾਕਤ ਪੈਦਾ ਕਰੇ। ਇਹ ਇਕ ਐਸਾ ਗੁਣ ਹੈ ਜੇਹੜਾ ਕਿ ਕਦਮ ਕਦਮ ਤੇ ਕੰਮ ਆਉਂਦਾ ਹੈ। ਇਸ ਦੇ ਨ ਹੋਣ ਕਰਕੇ ਸਿਖ ਦੀ ਤਰੱਕੀ ਰੁਕ ਜਾਂਦੀ ਹੈ। ਦੇਖਿਆ ਗਿਆ ਹੈ ਕਿ ਬਹੁਤ ਉਚੇ ਆਤਮਕ ਦਰਜੇ ਤੇ ਪਹੁੰਚੇ ਸਿਖ ਵੀ ਇਸ ਗੁਣ ਵਿਚ ਪਰਪੱਕ ਨ ਹੋਣ ਕਰਕੇ ਅਹੰਕਾਰ ਦਾ ਸ਼ਿਕਾਰ ਬਣ ਕੇ ਗਿਰ ਗਏ ਤੇ ਅਜੇਹੇ ਗਿਰੇ ਕਿ ਠਿਕਾਣਾ ਨਹੀਂ। ਇਸ ਵਡੇ ਗੁਣ ਦੇ ਨਾਲ ਹੀ ਸਿਖ ਵਿਚ ਨਿਮ੍ਰਤਾ, ਗਰੀਬੀ ਤੇ ਸੰਤੋਖ ਜਿਹੇ ਹੋਰ ਗੁਣ ਆਪਣੇ ਆਪ ਹੀ ਆ ਜਾਂਦੇ ਹਨ। ਇਸ ਗੁਣ ਨਾਲ ਆਤਮਕ ਬਲ ਵਧਦਾ ਹੈ ਤੇ ਸਿਖ ਆਪਣੇ ਵਿਚ ਐਸੀ ਸ਼ਕਤੀ ਮਹਿਸੂਸ ਕਰਨ ਲਗ ਪੈਂਦਾ ਹੈ ਜਿਹੜੀ ਕਿ ਉਸ ਨੂੰ ਰੋਸ਼ਨ ਮੁਨਾਰੇ ਦਾ ਕੰਮ ਦੇਂਦੀ ਹੈ।

ਸਿਖ ਦੇ ਲਈ, ਜੇ ਉਹ ਸਹੀ ਅਰਥਾਂ ਵਿਚ ਅੰਮ੍ਰਿਤ ਦਾ ਅਭਲਾਸ਼ੀ ਹੈ ਇਹਨਾਂ ਸਾਰਿਆਂ ਗੁਣਾਂ ਦੀ ਪ੍ਰਾਪਤੀ ਸ਼ੌਕ ਨਾਲ ਤੇ ਸ਼ਰਧਾ ਦੇ ਦਾਇਰੇ ਵਿਚ ਰਹਿ ਕੇ ਹੋਵੇਗੀ। ਜੇ ਉਹ ਕਿਸੇ ਸਮੇਂ ਦੇਖਦਾ ਹੈ



www.AKJ.Org

ਕਿ ਉਸਦੀ ਸ਼ਰਧਾ ਵਿਚ ਢਿੱਲਾ-ਪਨ ਆ ਗਿਆ ਹੈ ਤਾਂ ਫੇਰ ਇਹ ਉਸ ਸਿਖ ਲਈ ਬਦਕਿਸਮਤੀ ਦਾ ਸੂਚਕ ਹੈ ! ਐਸੀ ਦਸ਼ਾ ਵਿਚ ਉਹ ਸਿਖ ਸੰਗਤਿ ਵਿਚ ਦੂਜੇ ਗੁਰਸਿੰਘਾਂ ਨਾਲ ਖੂਬ ਖੰਡਾ ਖੜਕਾਏ, ਵਾਹਿਗੁਰੂ ਮੰਤ੍ਰ ਦਾ ਉਚਾਰਣ ਕਰੇ। ਇਸ ਨਾਲ ਢਹਿੰਦੀ ਕਲਾ ਦੀਆਂ ਸ਼ਕਤੀਆਂ ਕਮਜ਼ੋਰ ਪੈਂਦੀਆਂ ਪੈਂਦੀਆਂ ਖ਼ਤਮ ਹੋ ਜਾਣਗੀਆਂ। ਗੁਰਮਤਿ ਤੇ ਚਲਦਿਆਂ ਚਲਦਿਆਂ ਮਨ ਦਾ ਉਭ ਜਾਣਾ ਇਕ ਬੀਮਾਰੀ ਹੈ ਜਿਸਦਾ ਇਲਾਜ ਡਟਕੇ ਖੰਡਾ ਖੜਕਾਉਣਾ ਹੀ ਹੈ। ਗ਼ਲਤ ਸੋਚਣ ਵਾਲੇ ਕਹਿੰਦੇ ਹਨ ਕਿ ਇਸ ਦਾ ਅਸਰ ਕੀ ਹੈ? ਐਸਾ ਖ਼ਿਆਲ ਆਉਣਾ ਮਨਮਤ ਹੈ। ਸਿਖ ਦਾ ਕੰਮ ਕਰਤਵੱਯ ਕਰਨਾ ਹੈ ਤੇ ਅਸਰ ਕਿਵੇਂ ਹੁੰਦਾ ਹੈ ਤੇ ਨਤੀਜਾ ਕੀ ਨਿਕਲਦਾ ਹੈ ਇਹ ਸਿਖ ਦੇ ਸੋਚਨ ਦਾ ਕੰਮ ਨਹੀਂ, ਇਹ ਸਭ ਗੁਰੂ ਹੀ ਜਾਣੇ। ਗੁਰੂ ਜ਼ਰੂਰ ਬਖਸ਼ਿਸ਼ ਕਰੇਗਾ 'ਜੋ ਸ਼ਰਨ ਆਵੈ ਤਿਸ ਕੰਠ ਲਾਵੈ' ਅਨੁਸਾਰ ਸਿਖ ਤੇ ਗੁਰਮਤਿ ਦਾ ਰੰਗ ਚੜ੍ਹਦਾ ਹੀ ਜਾਵੇਗਾ, ਪਰ ਜੇ ਕਿਸੇ ਸਿਖ ਤੋਂ ਸਚੇ ਦਿਲ ਨਾਲ ਤੇ ਸ਼ਰਧਾਵਾਨ ਹਿਰਦੇ ਨਾਲ ਆਗਿਆ ਪਾਲਨ ਕਰਦਿਆਂ ਹੋਇਆਂ ਕੋਈ ਊਣਤਾਈ ਰਹਿ ਗਈ ਤਾਂ ਉਹ ਗੁਰੂ ਆਪ ਹੀ ਪੂਰੀ ਕਰੇਗਾ ਤੇ ਸਿਖ ਨੂੰ ਆਪਣੀ ਘਾਲਨਾ ਵਿਚ ਸਫ਼ਲਤਾ ਹੋਵੇਗੀ।

ਕੌਣ ਚਾਹੁੰਦਾ ਹੈ ਕਿ ਮੇਰਾ ਸ਼ਿਕਾਰ ਮੇਰੇ ਹਥੋਂ ਨਿਕਲ ਜਾਵੇ ? ਅਸੀਂ ਸਾਰੇ ਕਲਜੁਗ ਦੇ ਲਸ਼ਕਰ ਦਾ ਸ਼ਿਕਾਰ ਹਾਂ। ਗੁਰਮਤਿ ਵਿਚ ਆਉਣਾ ਹੀ ਇਸ ਦੇ ਲਸ਼ਕਰ ਦੇ ਰੁਕਨਾ (ਕਾਮ, ਕ੍ਰੋਧ, ਲੋਭ,ਮੋਹ, ਅਹੰਕਾਰ) ਦੇ ਹਥੋਂ ਨਿਕਲਣਾ ਹੈ। ਗੁਰਮਤ ਦੇ ਰਾਹ ਤੇ ਚਲਣ ਵਾਲੇ ਲਈ ਬਹੁਤ ਮੁਸ਼ਕਲਾਂ ਇਨ੍ਹਾਂ ਰੁਕਨਾਂ ਵਲੋਂ ਆਉਂਦੀਆ ਹਨ। ਜ਼ਾਹਰੀ ਮੁਸ਼ਕਲਾਂ ਦਾ ਹਲ ਕੁਝ ਕੂ ਤਾਂ ਮਨੁਖ ਦੇ ਆਪਣੇ ਵਸ ਵਿਚ ਹੈ ਜੋ ਕਿ ਅਮਲ ਰੂਪੀ ਇਲਾਜ ਕਰਨ ਨਾਲ ਦੂਰ ਹੋ ਜਾਂਦੀਆਂ ਹਨ ਪਰ ਫੇਰ ਵੀ ਕੁਝ ਗੁਝੀਆਂ (ਗੈਬੀ) ਮੁਸੀਬਤਾਂ ਆਉਂਦੀਆਂ ਹਨ ਜਿਨ੍ਹਾਂ ਦਾ ਸਿਖ ਨੂੰ ਪਤਾ ਹੀ ਨਹੀਂ ਲਗਦਾ ਤੇ ਉਸਦੀ ਕਾਰਗੁਜ਼ਾਰੀ ਅਪਣੇ ਆਪ ਹੀ ਰੁਕ ਜਾਂਦੀ ਹੈ, ਇਸ ਲਈ ਗੁਰੂ ਦੀ ਓਟ ਤੇ ਭਰੋਸਾ ਰਖਣਾ ਬਹੁਤ ਜ਼ਰੂਰੀ ਹੈ। ਗੁਰੂ ਸਭ ਜ਼ਾਹਰੀ ਤੇ ਗੈਬੀ ਸ਼ਕਤੀਆਂ ਦਾ ਮਾਲਕ ਹੈ, ਸੋ ਜਿਸ ਹਦ ਤਕ ਸਿਖ ਦੀ ਆਪਣੀ ਕਮਾਈ ਤੇ ਗੁਰੂ-ਆਗਿਆ ਦੇ ਪਾਲਨ ਦਾ ਸੰਬੰਧ ਹੈ ਉਹ ਕਰਦਾ ਰਹੇ ਤੇ ਨ ਰੁਕੇ ਗੈਬੀ ਮੁਸ਼ਕਲਾਂ ਗੁਰੂ ਆਪਣੀ ਸ਼ਕਤੀ ਨਾਲ ਆਪ ਹੀ ਦੂਰ ਕਰ ਦੇਵੇਗਾ, ਜੇ ਕਰ ਮਨੁਖ ਉਸਦੇ ਦਰਵਾਜ਼ੇ ਤੇ ਆਪਣੇ ਆਪ ਨੂੰ ਗਿਰਾ ਦੇਵੇ। ਉਹ ਤੁਠੇਗਾ, ਜ਼ਰੂਰ ਮੇਹਰਬਾਨ ਹੋਵੇਗਾ। ਦ੍ਰਿੜ ਵਿਸ਼ਵਾਸ਼ ਉਸ ਦੇ ਦਰਵਾਜ਼ੇ ਦੀ ਕੁੰਜੀ ਹੈ।

ਅੰਮ੍ਰਿਤ ਦੇ ਮੁਤਲਾਸ਼ੀ ਨੂੰ ਆਪਣੇ ਟ੍ਰੇਨਿੰਗ ਸਮੇਂ ਵਿਚ ਬਹੁਤ ਹੀ ਹੁਸ਼ਿਆਰ ਰਹਿਨਾ ਚਾਹੀਦਾ ਹੈ ਜੇਹੜੇ ਕਹਿੰਦੇ ਹਨ ਕਿ ਅੰਮ੍ਰਿਤ ਛਕਨ ਤੋਂ ਮਗਰੋਂ ਰਹਿਤ ਰਖਣ ਦੀ ਆਦਤ ਪਾ ਲਵਾਂਗੇ, ਹੁਣੇ ਹੀ ਪਹਿਲੋਂ ਰਹਿਤ ਰਖਣ ਦੀ ਕੀ ਜ਼ਰੂਰਤ ਹੈ ਉਨ੍ਹਾਂ ਦਾ ਇਹ ਖਿਆਲ ਕਚਾ ਹੈ। ਉਨ੍ਹਾਂ ਨੂੰ ਪਹਿਲੋਂ ਹੀ ਰਹਿਤਾਂ ਵਿਚ ਪਰਪੱਕ ਰਹਿਣ ਦਾ ਚਾਅ ਪ੍ਰਗਟ ਕਰਨਾ ਚਾਹੀਦਾ ਹੈ। ਜੇ ਰਹਿਤ ਨਾਲ ਪ੍ਰੇਮ ਆਪ-ਮੁਹਾਰਾ ਨਾਂ ਵੀ ਫੁਟੇ ਤਾਂ ਸੰਗਤ ਜੋ ਕਿ ਕਾਮਧੇਨ ਗਊ ਹੈ ਦੇ ਪ੍ਰਭਾਵ ਨਾਲ ਗੁਰਸਿਖ ਨੂੰ ਖਿੜੇ ਮਥੇ ਰਹਿਤ ਵਿਚ ਪਰਪੱਕ ਹੋਣਾ ਕਬੂਲ ਕਰ ਕੇ ਅਗੇ ਵਧਣਾ ਆਪਣੇ ਭਾਗ ਸਮਝਣਾ ਚਾਹੀਦਾ ਹੈ ਕਿ ਉਹ ਗੁਰੂ ਦੀ ਆਗਿਆ ਪਾਲਨ ਕਰਨ ਵਲ ਕਦਮ ਚੁਕ ਰਿਹਾ ਹੈ।

ਅੰਮ੍ਰਿਤ ਛਕਨ ਵਾਲੇ ਦੇ ਹਿਰਦੇ ਦੀ ਖਾਹਸ਼ ਨੂੰ ਦੇਖ ਕੇ ਤੇ ਪਹਿਚਾਨ ਕੇ, ਗੁਰੂ ਸਿਖ ਨੂੰ ਅੰਮ੍ਰਿਤ ਦੀ ਦਾਤ ਦੇਂਦਾ ਹੈ। ਭਾਵੇਂ ਇਹ ਪੰਜਾਂ ਪਿਆਰਿਆਂ ਦਾ ਫਰਜ਼ ਵੀ ਹੈ ਕਿ ਸਿਖ ਨੂੰ ਪਰਖ ਕੇ ਪਾਤਰ ਸਪਾਤਰ ਦੇਖਕੇ ਅੰਮ੍ਰਿਤ ਦੇ ਛਾਂਦੇ ਛਕਾਨ, ਪਰ ਇਸ ਪਾਸੇ ਸਿਖ ਵੀ ਆਪਣੇ ਆਪ ਨੂੰ ਦਾਤ ਪ੍ਰਾਪਤ ਕਰਨ ਦੇ ਯੋਗ ਬਨਾਵੇ ਅਤੇ ਪਹਿਲੀ ਤਿਆਰੀ ਕਰੇ ਫੇਰ ਉਸ ਸਿਖ ਨੂੰ ਅੰਮ੍ਰਿਤ ਛਕਨ ਵੇਲੇ ਵਧੇਰਾ ਅਨੰਦ ਆਵੇਗਾ। ਉਸ ਦੀ ਬ੍ਰਿਤੀ ਅਭਿਆਸਾਕਾਰ ਹੋਣ ਕਰਕੇ ਉਹ ਛੇਤੀ ਪਕੜ ਕਰ ਸਕੇਗਾ।



www.AKJ.Org

ਸਿਖ ਇਤਿਹਾਸ ਬਾਰੇ ਸਹੀ ਵਾਕਫ਼ੀਅਤ—

# ਦੀਵਾ ਬਲੈ ਅੰਧੇਰਾ ਜਾਇ

(ਵਲੋਂ—ਸ: ਜਸਮੇਰ ਸਿੰਘ ਜੀ ਪਾਲ ਚੰਡੀਗੜ੍ਹ)

ਮਿਸਟਰ ਜੋਸਿਫ ਡੇਵੀ ਕਨਿੰਘਮ ਲਿਖਦਾ ਹੈ ਕਿ ਸਿਖਾਂ ਨੇ ਇਤਹਾਸ ਬਣਾਇਆ ਹੈ ਪਰ ਸਾਂਭਿਆ ਨਹੀਂ। ਇਹ ਬਿਲਕੁਲ ਠੀਕ ਹੈ। ਸਿੰਘ ਕੁਰਬਾਨੀਆਂ ਕਰਦੇ ਗਏ ਉਹਨਾਂ ਦੇ ਕੀਤੇ ਕਾਰਨਾਮਿਆਂ ਨੂੰ ਗੈਰ ਸਿਖ ਲਿਖਦੇ ਗਏ। ਸਿਖਾਂ ਨੂੰ ਇਤਹਾਸ ਲਿਖਣ ਦਾ ਬੜਾ ਘਟ ਸਮਾਂ ਲਗਾ। ਜਿਸ ਦਾ ਸਿੱਟਾ ਇਹ ਹੋਇਆ ਕਿ ਸਾਡੇ ਇਤਹਾਸ ਵਿਚ ਅਨਮਤ ਦੇ ਵਿਚਾਰ, ਹਿੰਦੂਆਂ ਤੇ ਮੁਸਲਮਾਨਾਂ ਦੇ ਰਲਵੇਂ ਮਿਲਵੇਂ ਵਿਚਾਰ ਆ ਘੁਸੇ। ਜਾਂ ਕੁਝ ਇਤਹਾਸ ਬਿਦੇਸ਼ੀਆਂ ਨੇ ਲਿਖਿਆ ਜਿਨਾਂ ਵਿਚੋਂ ਕਨਿੰਘਮ, ਮੈਕਾਲਫ, ਰਾਬਰਟ ਕਾਸਟ, ਲੈਪਿਲ ਗ੍ਰਿਫਨ, ਐਨ. ਕੇ ਸਿਨਹਾ ਦੇ ਨਾਂ ਖਾਸ ਵਰਣਨ ਯੋਗ ਹਨ। ਸਾਡੇ ਪ੍ਰਾਚੀਨ ਇਤਹਾਸ ਦਾ ਪਤਾ ਬਹੁਤਾ ਕਰਕੇ ਸਾਡੀਆਂ ਧਰਮ ਪੁਸਤਕਾਂ ਤੋਂ ਵੀ ਲਗਦਾ ਹੈ ਜਿਨ੍ਹਾਂ ਵਿਚੋਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਭਾਈ ਗੁਰਦਾਸ ਦੀਆਂ ਵਾਰਾਂ ਦੇ ਨਾਂ ਅਸੀਂ ਲੈ ਸਕਦੇ ਹਾਂ ਭਾਵੇਂ ਇਹ ਮਹਾਨ ਧਾਰਮਕ ਰਚਨਾਵਾਂ ਨਿਰੋਲ ਇਤਿਹਾਸ ਨਹੀਂ ਪਰ ਅਸੀਂ ਕੁਝ ਛਾਣ ਬੀਣ ਕਰਕੇ ਇਤਿਹਾਸਕ ਘਟਨਾਵਾਂ ਨੂੰ ਲਭ ਸਕਦੇ ਹਾਂ। ਜਿਵੇਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਗੁਰੂ ਨਾਨਕ ਸਾਹਿਬ ਦੀ ਬਾਣੀ ਜੋ ਬਾਬਰ ਬਾਣੀ ਦੇ ਸਿਰਲੇਖ ਹੇਠ ਲਿਖੀ ਗਈ ਹੈ ਤੇ ਅਸੀਂ ਉਸ ਸਮੇਂ ਦੇ ਲੋਕਾਂ ਦੀ ਧਾਰਮਕ, ਸਮਾਜਕ, ਰਾਜਸੀ ਹਾਲਤ ਦਾ ਖੁਰਾ ਖੋਜ ਲਭ ਸਕਦੇ ਹਾਂ। ਗੁਰੂ ਜੀ ਦਸਦੇ ਹਨ ਕਿ ਕੂੜ ਦੀ ਅਮਾਵਸ ਵਿਚ ਸੱਚ ਚੰਦ੍ਰਮਾ ਛਿਪ ਚੁਕਾ ਸੀ, ਹਿੰਦੀਆਂ ਦੀ ਪੱਤ ਤੇ ਅਬਰੋ ਗੁਆਚ ਚੁਕੀ ਸੀ, ਸ਼ਰਮ ਧਰਮ ਦੋਵੇਂ ਛੱਪ ਖਲੋਏ ਸਨ, ਦੇਸ਼ ਵਿਚ ਆਪੋ ਆਪਣੇ ਲੋਕਾਂ ਦੇ ਫ਼ਿਰਕੇ ਬਣਾਏ ਹੋਏ ਸਨ, ਅਗਦ ਸ਼ੈਤਾਨ ਪੜ੍ਹ ਰਹੇ, ਬਾਹਰੋਂ ਮੁਗ਼ਲਾਂ ਦੇ ਹਮਲੇ ਹੋ ਰਹੇ ਸਨ, ਲੋਧੀ ਹਕੂਮਤ ਭਾਰਤ ਜਿਹੇ ਅਮੁਲੇ ਰਤਨ ਨੂੰ ਕੌਡੀਆਂ ਦੇ ਭਾ ਵੇਚ ਰਹੀ ਸੀ। ਪੰਜਾਬ ਚਨੁਕਰੀ ਲੜਾਈ ਦਾ ਅਖਾੜਾ ਬਣਿਆ ਹੋਇਆ ਸੀ ਜਿਨ੍ਹਾਂ ਵਿਚੋਂ ਇਕ ਪਾਸੇ ਬਾਬਰ ਤੇ ਇਬਰਾਹੀਮ ਲੋਧੀ ਵਿਚਕਾਰ ਖੜਕ ਰਹੀ ਸੀ, ਦੂਜੇ ਪਾਸੇ ਪੰਜਾਬ ਦੇ ਪਠਾਣ ਸਰਦਾਰ ਆਕੀ ਹੋ ਬੈਠੇ ਸਨ, ਤੀਜੀ ਪੰਜਾਬ ਦੀ ਤਾਕਤ ਦੌਲਤ ਖ਼ਾਂ ਲੋਧੀ ਲਾਹੌਰ ਦਾ ਗਵਰਨਰ ਸੀ ਜੋ ਬੜਾ ਹਿਰਸੀ ਤੇ ਲਾਲਚੀ ਸੀ ਜੋ ਆਪਣੇ ਸੁਆਰਥ ਪਿਛੇ ਲਗਾ ਹੋਇਆ ਸੀ। ਆਖ਼ਰ ਬਾਬਰ ਜੇਤੂ ਹੋਇਆ। ਲਾਹੌਰ ਸ਼ਹਿਰ ਦਾ ਫੂਕਿਆ ਜਾਣਾ ਤੇ ਬਾਬਰ ਦਾ ਏਮਨਾਬਾਦ ਤੇ ਹਮਲਾ ਤੇ ਉਸ ਦਾ

---

*ਅੰਮ੍ਰਿਤ ਦੇ ਚਾਹਵਾਨ ਦੀ ਪਹਿਚਾਨ ਤੇ ਸੋਧ ਕਰਨ ਤੋਂ ਬਗੈਰ ਅੰਮ੍ਰਿਤ ਛਕਾਉਣਾ ਸਫਲੀ ਭੂਤ ਨਹੀਂ ਹੁੰਦਾ। ਇਹ ਤਾਂ ਕਲਰ ਵਿਚ ਬੀਜ ਸੁਟਣ ਵਾਲੀ ਗਲ ਹੋਵੇਗਾ। ਅਵਲ ਤਾਂ ਬੀਜ ਉਗੇਗਾ ਹੀ ਨਹੀਂ ਜੇ ਉਗੇਗਾ ਤਾਂ ਕੁਝ ਸਮੇਂ ਮਗਰੋਂ ਬੂਟਾ ਸੁਕ ਕੇ ਖਤਮ ਹੋ ਜਾਵੇਗਾ। ਅੰਮ੍ਰਿਤ ਛਕਾਣ ਤੋਂ ਮਤਲਬ ਕਾਇਆ-ਪਲਟਨਾ ਤੇ ਸ਼ੇਰ ਬਣਾਉਣਾ ਹੈ। ਬਗੈਰ ਤਿਆਰੀ ਤੋਂ ਅੰਮ੍ਰਿਤ ਛਕਨ ਦੀ ਇਛਾ ਕਰਨਾ ਬਹੁਤ ਹਦ ਤਕ ਆਪਣੇ ਆਪ ਨੂੰ ਭੁਲੇਖੇ ਵਿਚ ਰਖਣਾ ਹੈ।



www.AKJ.Org

ਖੁਰਾਸਾਨ ਤੇ ਕਬਜ਼ਾ ਜੋ ਇਤਿਹਾਸ ਦੀਆਂ ਮਹਾਨ ਘਟਨਾਵਾਂ ਹਨ, ਦੀਆਂ ਤਸਵੀਰਾਂ ਗੁਰੂ ਨਾਨਕ ਨੇ ਖਿਚੀਆਂ ਹਨ—ਵੇਖੋ 'ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ' ਵਾਲਾ ਸ਼ਬਦ। ਮੁਗਲਾਂ ਨੂੰ ਜਮਰੂਪ ਆਖਦਿਆਂ ਹੋਇਆਂ ਸੱਚੀ ਦੇਸ਼ ਭਗਤੀ ਪ੍ਰਗਟ ਕੀਤੀ, ਜਰਵਾਣਿਆਂ ਦੇ ਖ਼ਿਲਾਫ਼ ਉਹਨਾਂ ਦੇ ਐਨ ਮੂੰਹ ਉਤੇ 'ਸੱਚ ਕੀ ਬਾਣੀ' ਆਖਦਿਆਂ ਹੋਇਆਂ ਜ਼ਾਲਮ ਨੀਤੀ ਦੀ ਬੜੀ ਦਲੇਰੀ ਨਾਲ ਵਿਰੋਧਤਾ ਕੀਤੀ ਹੈ। ਗੁਰੂ ਜੀ ਦਸਦੇ ਹਨ ਕਿ ਜੇਕਰ ਡਾਢਾ ਸ਼ੇਰ ਵੱਗ ਤੇ ਆ ਪਏ ਤਾਂ ਪੁਛ ਤਾਂ ਉਸ ਵੱਗ ਦੇ ਮਾਲਕ ਤੋਂ ਹੋਣੀ ਹੈ, ਭਾਵ ਬਾਬਰ ਜਰਵਾਣੇ ਨੇ ਜੋ ਕਾਤਲਾਨਾ ਪਾਲਿਸੀ ਧਾਰਨ ਕੀਤੀ ਹੈ ਇਸ ਨੂੰ ਰੋਕਣ ਦੇ ਜ਼ਿੰਮੇਂਵਾਰ ਤਾਂ ਲੋਧੀ ਸਰਦਾਰ ਸਨ—ਪਰ ਇਹਨਾਂ ਲੋਧੀ ਸਰਦਾਰਾਂ ਅਮੁਲੇ ਹਿੰਦੁਸਤਾਨ ਦੀ ਪੱਤ ਰੋਲ ਛਡੀ ਹੈ, ਮਰਨ ਤੋਂ ਬਾਦ ਉਹਨਾਂ ਨੂੰ ਕਿਸੇ ਨੇ ਯਾਦ ਨਹੀਂ ਕਰਨਾ—ਕਿੰਨੇ ਅਲੌਕਿਕ ਸ਼ਬਦਾਂ ਨਾਲ ਤਸਵੀਰ ਦਾ ਪਾਸਾ ਉਘਾੜਿਆ ਹੈ—

ਸਕਤਾ ਸੀਂਹ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ।
ਰਤਨ ਵਿਗਾੜ ਵਿਗੋਈ ਕੁਤੇ ਮੁਇਆ ਸਾਰ ਨ ਕਾਈ।

ਲਾਹੌਰ ਵਿਚ ਬਾਬਰ ਨੇ ਭਾਰੀ ਕਤਲਾਮ ਕੀਤਾ, ਗੁਰੂ ਜੀ ਨੇ ਲਾਹੌਰ ਸ਼ਹਿਰ ਦੇ ਕਹਿਰ ਨੂੰ ਸਲੋਕ ਵਾਰਾਂ ਤੋਂ ਵਧੀਕ ਵਿਚ ਆਖ ਕੇ ਬਿਆਨ ਕੀਤਾ ਹੈ। ਫਿਰ ਜਦੋਂ ਲਾਹੌਰ ਵਿਚ ਅਮਨ ਅਮਾਨ ਹੋ ਗਿਆ ਤਦੋਂ ਗੁਰੂ ਜੀ ਨੇ ਲਾਹੌਰ ਨੂੰ—'ਲਾਹੌਰ ਸ਼ਹਿਰ ਅੰਮ੍ਰਿਤਸਰ ਸਿਫ਼ਤੀ ਦਾ ਘਰ' ਆਖਿਆ। ਏਮਨਾਬਾਦ ਦੀ ਲੁਟ ਦਾ ਹਾਲ ਵੀ ਗੁਰੂ ਜੀ ਦੀ ਬਾਣੀ ਤੋਂ ਹੀ ਚਲਦਾ ਹੈ। ਕਾਜ਼ੀਆਂ, ਮੌਲਵੀਆਂ, ਪੰਡਤਾਂ ਦੀ ਦੁਰਦਸ਼ਾ ਤੇ ਜੋਗੀਆਂ ਦੇ ਪਖੰਡਾਂ ਤੇ ਸਮਾਜ ਦੀ ਦੁਰਦਸ਼ਾ ਦਾ ਪਤਾ ਵੀ ਗੁਰੂ ਜੀ ਦੀ ਬਾਣੀ ਦਿੰਦੀ ਹੈ—

ਜੋਗੀ ਜੁਗਤ ਨ ਜਾਣੈ ਅੰਧ।
ਤਿਨੈ ਉਜਾੜੇ ਕਾ ਬੰਧ।
ਕਾਦੀ ਕੂੜ ਬੋਲ ਮੂੰਹ ਖਾਏ।
ਬਾਹਮਣ ਨਾਵੈ ਜੀਆ ਘਾਇ।

ਉਸ ਸਮੇਂ ਦੇ ਲੋਕਾਂ ਦੇ ਨੰਗੇ ਨਾਚ ਰੰਗ ਤਮਾਸ਼ਿਆਂ ਦੀ ਗੁਰੂ ਜੀ ਨੇ ਕਿਹੀ ਤਸਵੀਰ ਖਿਚੀ ਹੈ—

ਰੰਨਾ ਹੋਈਆ ਬੋਧੀਆ ਪੁਰਖ ਹੋਇ ਸਯਾਦ।
ਸੈਲ ਸੁੱਚ ਸੱਚ ਸੰਜਮੀ ਖਾਣਾ ਖਾਜ ਅਖਾਜ।
ਰਾਜ ਰੰਗੁ ਮਾਲਿ ਰੰਗ ਰਤਾ ਨਚੈ ਨੰਗ।

...... ...... ...... ......

ਨਾਨਕ ਠਗਿਆ ਮੁਠਾ ਜਾਇ।
ਵਿਣ ਨਾਵੈ ਪਤਿ ਗਿਆ ਗਵਾਇ।

ਗੁਰੂ ਜੀ ਦੀ ਸਿਧਾਂਤਕ ਬਾਣੀ ਸਿਧ ਗੋਸ਼ਟ ਤੋਂ ਆਪ ਦੀ ਸਿੱਧਾਂ ਨਾਲ ਮੁਲਾਕਾਤ ਦਾ ਪਤਾ ਲਗਦਾ ਹੈ। "ਬਗਾ ਬਗੇ ਕਪੜੇ" ਵਾਲੇ ਸ਼ਬਦ ਤੋਂ ਆਪ ਦਾ ਸਜਣ ਠੱਗ ਨੂੰ ਤਾਰਨਾ ਸਿੱਧ ਹੁੰਦਾ ਹੈ। 'ਗੱਲੀ ਅਸੀ ਚੰਗੀਆ ਆਚਾਰੀ ਬੁਰੀਆਹ' ਵਾਲੇ ਸ਼ਬਦ ਤੋਂ ਸਾਫ ਪ੍ਰਗਟ ਹੈ ਕਿ ਆਪ ਕਾਮ ਰੂਪ ਅਸਾਮ ਵਿਚ ਨੂਰ ਸ਼ਾਹ ਜਾਦੂਗਰਨੀ ਨੂੰ ਮਿਲੇ।

ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਆਈ "ਸਤੇ ਬਲਵੰਡੇ ਦੀ ਵਾਰ" ਜਿਸ ਵਿਚ ਸਤੇ ਤੇ ਬਲਵੰਡ ਨੇ ਪਹਿਲੇ ਪੰਜ ਗੁਰੂਆਂ ਦੀ ਉਸਤਤ ਕੀਤੀ ਹੈ, ਗੁਰੂ ਨਾਨਕ ਜੀ ਤੋਂ ਅਰਜਨ ਸਾਹਿਬ ਦੇ ਕਾਲ ਤੀਕ ਗੁਰੂ ਘਰ ਦੀ ਮਰਿਆਦਾ, ਭਾਈ ਲਹਿਣੇ ਦਾ ਗੱਦੀ ਤੇ ਬੈਠਣਾ, ਮਾਤਾ ਖੀਵੀ ਦੀ ਸੇਵਾ—'ਲੰਗਰ ਦਉਲਤ ਵੰਡੀਐ ਰਸ ਅਮ੍ਰਿਤ ਖੀਰ ਘਿਆਲੀ' 'ਸਹਿ ਕਾਇਆ ਫੇਰ ਪਲੱਟੀਐ' ਦੇ ਸ਼ਬਦ ਤੋਂ ਸਾਫ ਸਿਖ ਧਰਮ ਦੀ ਚੜਦੀ ਕਲਾ ਦੇ ਇਸ਼ਾਰੇ ਮਿਲਦੇ ਹਨ। ਇਸ ਤੋਂ ਉਪਰੰਤ ਸੁੰਦਰ ਦੀ ਸੱਦ ਤੇ ਸੱਦ ਦੀ ਬਾਣੀ ਤੋਂ ਕੁਝ ਅਸੀਂ ਇਤਹਾਸ ਦਾ ਪਤਾ ਲਾ ਸਕਦੇ ਹਾਂ। ਭੱਲ ਤੇ ਮਥਰਾ ਭੱਟ ਆਪਣੇ ਭੱਟਾਂ ਦੇ ਸੱਵਈਆਂ ਵਿਚ ਗੁਰੂ ਅਰਜਨ ਸਾਹਿਬ ਦੀ ਸ਼ਖਸੀਅਤ ਨੂੰ—'ਗੁਰੂ ਅਰਜਨ ਪ੍ਰਤਖ ਹਰਿ ਜਪਿਓ ਜਿਨ ਅਰਜਨ ਦੇਵ ਗੁਰੂ ਫਿਰ ਸੰਕਟ ਜੋਨਿ ਗਰਭ ਨਹੀ ਆਇਓ' ਦੇ ਅਲੌਕਿਕ ਸ਼ਬਦਾਂ ਵਿਚ ਚਿਤਰਦੇ ਹਨ। ਜਿਸ ਤੋਂ ਪਤਾ ਲਗਦਾ ਹੈ ਕਿ ਗੁਰੂ ਜੀ ਦੇ ਸ਼ਰਧਾਲੂਆਂ ਦੀ ਗੁਰੂ ਜੀ ਉਤੇ ਕਿਨੀ ਅਪਾਰ ਸ਼ਰਧਾ ਸੀ। ਕੁਝ ਸ਼ਬਦ ਗੁਰੂ ਅਰਜਨ ਸਾਹਿਬ ਦੇ ਸਿਖ ਇਤਹਾਸ ਦੀ ਸਾਖੀ ਭਰਦੇ ਹਨ। ਜਦੋਂ ਬੀਰਬਲ



www.AKJ.Org

ਨੇ ਅਮ੍ਰਿਤਸਰ ਵਾਸੀਆਂ ਉਤੇ ਟੈਕਸ ਲਾ ਦਿਤਾ ਸੀ ਤੇ ਅਮ੍ਰਿਤਸਰ ਨੂੰ ਢਾਹੁਣ ਲਈ ਵੰਗਾਰਿਆ ਸੋ ਉਦੋਂ ਗੁਰੂ ਅਰਜਨ ਸਾਹਿਬ ਨੇ ਇਨ੍ਹਾਂ ਸ਼ਬਦਾਂ ਵਿਚ ਮੁਗਲ ਸ਼ਾਹੀ ਨੂੰ ਲਲਕਾਰਿਆ ਸੀ—

ਪੈ ਹੋਇਆ ਹੁਕਮ ਮਿਹਰਵਾਣ ਦਾ ।
ਪੈ ਕੋਈ ਨਾ ਕਿਸੇ ਰੰਞਾਣ ਦਾ ।
ਸਭ ਸੁਖਾਲੀ ਵੁਠੀਆ ।
ਹੁਣ ਹੋਆ ਹਲੇਮੀ ਰਾਜ ਜੀਉ ।

ਗੁਰੂ ਰਾਮਦਾਸ ਜੀ, ਚੌਥੇ ਪਾਤਸ਼ਾਹ ਜਿਨ੍ਹਾਂ ਦੀ ਬਾਣੀ ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਤੋਂ ਦੋ ਤਿਹਾਈ ਹੈ ਦੇ ਸ਼ਬਦ 'ਡਿਠੇ ਸਭੇ ਥਾਵ ਨਹੀ ਤੁਧ ਜੇਹਾ' ਤੋਂ ਹਰਮੰਦਰ ਸਾਹਿਬ ਦਾ ਮੁਕਮਲ ਹੋਣਾ ਤੇ ਉਸ ਸਮੇਂ ਪਹਿਲੇ ਪਹਿਲ ਇਸ ਦੀ ਪ੍ਰਸਿਧਤਾ ਦਾ ਅਨੁਮਾਨ ਅਸੀਂ ਭਲੀ ਪ੍ਰਕਾਰ ਲਾ ਸਕਦੇ ਹਾਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਵਿਚ ਇਤਹਾਸਕ ਘਟਨਾਵਾਂ ਧਾਰਮਕ ਮਸਲੇ ਵਿਚ ਇਕ ਮਿਕ ਹੋਈਆਂ ਹੋਈਆਂ ਹਨ ਜਿਨ੍ਹਾਂ ਨੂੰ ਨਿਖੇੜ ਨਿਖੇੜ ਕੇ ਅਸੀਂ ਨਿਰੋਲ ਸਿਖ ਇਤਿਹਾਸ ਦਾ ਖੁਰਾ ਖੋਜ ਲਭ ਸਕਦੇ ਹਾਂ, ਬਚੇ ਖੁਚੇ ਸਿਕਿਆਂ ਦੀ ਭਾਲ ਕਰ ਸਕਦੇ ਹਾਂ । ਸ੍ਰੀ ਗੁਰੂ ਗਰੰਥ ਸਾਹਿਬ ਦੀ ਬਾਣੀ ਇਤਿਹਾਸ ਨੂੰ ਮੁਖ ਰਖ ਕੇ ਨਹੀਂ ਲਿਖੀ ਗਈ ਪਰ ਫਿਰ ਵੀ ਸਿੱਖ ਗੁਰੂਆਂ ਦੇ ਸਿਖਾਂ ਨਾਲ, ਧਰਮ ਦੇ ਵਖ ਵਖ ਫ਼ਿਰਕਿਆਂ ਦੇ ਆਗੂਆਂ ਨਾਲ ਪ੍ਰਸ਼ਨ ਉਤਰ ਦੀ ਸ਼ਕਲ ਵਿਚ ਵਿਚਾਰ ਮਿਲਦੇ ਹਨ । ਇਹਨਾਂ ਵਿਚਾਰਾਂ ਨਾਲ ਲਗਦੇ ਵਿਅਕਤੀ ਇਤਿਹਾਸ ਦੇ ਪਾਤਰ ਹਨ, ਜਿਨ੍ਹਾਂ ਬਾਰੇ ਸਾਨੂੰ ਪੂਰੀ ਵਾਕਫ਼ੀ ਇਤਿਹਾਸਕ ਤੌਰ ਤੇ ਭਾਵੇਂ ਨਹੀਂ ਹੁੰਦੀ ਪਰ ਫਿਰ ਵੀ ਅਸੀਂ ਇਕ ਦੂਜੇ ਦੀਆਂ ਮੇਲ ਜੋਲ ਦੀ ਘਟਨਾਵਾਂ ਤੋਂ ਇਤਿਹਾਸ ਦਾ ਖਾਕਾ ਖਿਚ ਸਕਦੇ ਹਾਂ । ਗੁਰੂ ਗਰੰਥ ਸਾਹਿਬ ਦੀ ਬਾਣੀ ਵਿਚ ਇਤਿਹਾਸ ਮਿਥਿਹਾਸ ਤੇ ਧਰਮ ਨੂੰ ਮਿਲਾ ਕੇ ਮਾਨਸਕ ਭੋਜਨ ਪਕਾਇਆ ਗਿਆ ਹੈ ।

ਆਦਿ ਸ੍ਰੀ ਗੁਰੂ ਗਰੰਥ ਸਾਹਿਬ ਤੋਂ ਪਿਛੋਂ ਸਾਡੇ ਪਾਸ ਸਿਖਾਂ ਦੇ ਸੇਂਟਪਾਲ ਭਾਈ ਗੁਰਦਾਸ ਜੀ ਦੀਆਂ ਵਾਰਾਂ ਇਤਿਹਾਸ ਦਾ ਦੁਰਲਭ ਖਜ਼ਾਨਾ ਹਨ । ਭਾਵੇਂ ਇਹ ਵਾਰਾਂ ਨਰੋਲ ਇਤਿਹਾਸ ਨਹੀਂ ਪਰ ਫਿਰ ਵੀ ਸਾਨੂੰ ਪਹਿਲੇ ਛੇ ਗੁਰੂਆਂ ਦਾ ਹਾਲ ਇਨ੍ਹਾਂ ਵਾਰਾਂ ਵਿਚੋਂ ਮਿਲਦਾ ਹੈ । ਇਹ ਵਾਰਾਂ ੩੯ ਹਨ, ਇਹਨਾਂ ਵਿਚ ਗੁਰਸਿਖੀ ਦੇ ਔਖੇ ਤੋਂ ਔਖੇ ਵਿਸ਼ਿਆਂ ਨੂੰ ਸਪਸ਼ਟਤਾ ਤੇ ਸਰਲਤਾ ਦੀ ਬੋਲੀ ਵਿਚ ਸਾਕਾਰ ਕੀਤਾ ਗਿਆ ਹੈ । ਗੁਰਸਿਖੀ ਦੇ ਮੁਢਲੇ ਸਿਧਾਤਾਂ ਦੀ ਭਾਈ ਸਾਹਿਬ ਨੇ ਵਿਆਖਿਆ ਕੀਤੀ ਹੈ । ਭਾਈ ਗੁਰਦਾਸ ਜੀ ਨੂੰ ਸਿਖਾਂ ਵਿਚ ਉਹੋ ਦਰਜਾ ਪ੍ਰਾਪਤ ਹੈ ਜੋ ਹਿੰਦੂਆਂ ਵਿਚ ਵੇਦ ਵਿਆਸ ਜੀ ਨੂੰ । ਭਾਈ ਸਾਹਿਬ ਜੀ ਗੁਰੂ ਅਮਰਦਾਸ ਜੀ ਦੇ ਭਤੀਜੇ ਸਨ ਤੇ ਆਪ ਗੋਇੰਦਵਾਲ ਵਿਚ ਜੰਮੇ । ਗੁਰੂ ਗਰੰਥ ਸਾਹਿਬ ਦੀ ਬੀੜ ਗੁਰੂ ਅਰਜਨ ਸਾਹਿਬ ਨੇ ਆਪ ਤੋਂ ੧੬੦੪ ਈਸਵੀ ਵਿਚ ਅੰਮ੍ਰਿਤਸਰ ਲਿਖਵਾਈ । ਭਾਈ ਗੁਰਦਾਸ ਜੀ ਦੀਆਂ ਵਾਰਾਂ ਪੁਰਾਣਕ ਮਿਥਿਹਾਸ ਦਾ ਵੀ ਅਮੁਲਾ ਖਜ਼ਾਨਾ ਹੈ । ਆਪ ਦੀਆਂ ਵਾਰਾਂ ਠੀਕ ਹੀ ਗੁਰਬਾਣੀ ਦੀ ਕੁੰਜੀ ਹਨ । ਆਪ ਦੀਆਂ ਵਾਰਾਂ ਵਿਚ ਸਰਲਤਾ ਸਪਸ਼ਟਤਾ ਸੁਬੋਧਕਤਾ, ਬੋਧਿਕਤਾ ਹੱਦ ਦਰਜੇ ਦੀ ਹੈ । ਸੰਖੇਪਤਾ ਇਨੀ ਹੈ ਕਿ ਛੇ ਸੱਤ ਸਤਰਾਂ ਵਿਚ ਛੇ ਸੱਤ ਭਗਤਾਂ ਨੂੰ ਗਿਣ ਜਾਂਦੇ ਹਨ । ਵਾਰਾਂ ਦੀ ਬੋਲੀ ਠੇਠ ਪੰਜਾਬੀ ਹੈ । ਵਾਰਾਂ ਗੁਰਮਤ ਆਸ਼ੇ ਅਨੁਸਾਰ ਬੌਧਿਕਤਾ ਤੇ ਭਾਵਕਤਾ ਦਾ ਸੁਮੇਲ ਹਨ । ਭਾਈ ਸਾਹਿਬ ਨੇ ਆਪਣੀਆਂ ਵਾਰਾਂ ਵਿਚ ਜੁਗਗਰਦੀ, ਖੁਦਬਖੀਲੀ, ਤਕੱਬਰੀ, ਕਰਮ ਧਰਮ ਤੇ ਪਾਖੰਡ, ਧਾਰਮਕ ਖਿਚੋਤਾਣ, ਜੋ ਉਸ ਸਮੇਂ ਲੋਕਾਂ ਵਿਚ ਅੰਨੇਵਾਹ ਪਸਰੀ ਹੋਈ ਸੀ, ਦੇ ਹੂਬਹੂ ਅਖੀਂ ਵੇਖਕੇ ਚਿਤਰ ਖਿਚੇ ਹਨ—

ਚਾਰ ਵਰਣ ਚਾਰ ਮਜ਼ਬਾਂ
ਜੱਗ ਵਿਚ ਹਿੰਦੂ ਮੁਸਲਮਾਣੇ ।
ਖੁਦੀ ਬਖੀਲੀ ਤਕਬਰੀ ਖਿਚੋਤਾਣ ਕਰੇਨਿ ਧਿਙਾਣੇ ।
ਗੰਗ ਬਨਾਰਸ ਹਿੰਦੂਆਂ
ਮੱਕਾ ਕਾਬਾ ਮੁਸਲਮਾਣੇ ।
...... ...... ......



www.AKJ.Org

ਬੇਦ ਕਤੇਬ ਭੁਲਾਇਕੈ ਮੋਹੇ ਲਾਲਚ ਦੁਨੀ ਸੈਤਾਣੇ ।
ਸੱਚ ਕਿਨਾਰੇ ਰਹਿ ਗਿਆ
ਖਹਿ ਖਹਿ ਮਰਦੇ ਬਾਹਮਣ ਮਉਲਾਣੇ ।
ਸਿਰੋ ਨਾਂ ਮਿਟੇ ਆਵਣ ਜਾਣੇ ।
(ਵਾਰ ਪਹਿਲੀ ਪਉੜੀ ੨੧)

'ਸੁਣੀ ਪੁਕਾਰ ਦਾਤਾਰ ਪ੍ਰਭ ਗੁਰੂ ਨਾਨਕ ਜਗ ਮਾਹਿ ਪਠਾਇਆ । (ਵਾਰ ੧ ਪਉੜੀ ੨੩) ਗੁਰੂ ਨਾਨਕ ਜੀ ਦਾ ਪ੍ਰਕਾਸ਼, ਬਾਬੇ ਦਾ ਕਲਜੁਗ ਨੂੰ ਤਾਰਨਾ ਸਤਿਨਾਮ ਦਾ ਚਕਰ ਚਲਾਉਣਾ ਸਿਧ ਹੁੰਦਾ ਹੈ ।ਆਪ ਦਸਦੇ ਹਨ ਪਹਿਲੇ ਗੁਰੂ ਨਾਨਕ ਸਾਹਿਬ ਨੇ ਧੁਰੋਂ ਬਖਸ਼ ਦਰ ਪਾਈ, ਫਿਰ ਬਾਬਾ ਤੀਰਥਾਂ ਤੇ ਗਿਆ 'ਤੀਰਥ ਪੁਰਬ ਸਭੇ ਫਿਰ ਦੇਖੇ'(ਪਉੜੀ ੨੫ ਵਾਰ ੧) ਬਾਬੇ ਦਾ ਸੁਮੇਰ ਪਰਬਤ ਤੇ ਜਾਣਾ, ਸਿਧ ਮੰਡਲੀ ਦਾ ਦ੍ਰਿਸ਼ਟੀ ਆਉਣਾ ਸਿਧਾਂ ਨਾਲ ਗੋਸ਼ਟ' ਸਿਧਾਂ ਦਾ ਬਾਬੇ ਨੂੰ ਪੁਛਣਾ ਐਥੇ ਤੈਨੂੰ ਕੌਣ ਲਿਆਇਆ ਹੈ । ਬਾਬੇ ਦਾ ਉਤਰ—'ਭਾਉ ਭਗਤ ਸੰਗ ਤਾੜੀ ਲਾਈ ।' ਹਉ ਪ੍ਰਮੇਸ਼ਰ ਜਪਿਆ । ' ਸਿਧਾਂ ਮਾਤ੍ਰ ਲੋਕ ਦਾ ਵਰਤਾਰਾ ਪੁਛਿਆ—ਬਾਬੇ 'ਸੱਚ ਚੰਦ੍ਰਮਾ ਕੂੜ ਅੰਧਾਰਾ ਦਸਿਆ । ਸਿੱਧਾਂ ਉਤੇ ਬਾਬੇ ਦਾ ਵਿਅੰਗ—'ਸਿੱਧ ਛਪ ਬੈਠੇ ਪਰਬਤੀ ਕੌਣ ਜਗਤ ਕੋ ਪਾਰ ਉਤਾਰਾ' ਵਾਰੀ ੧ ਪਉੜੀ ੨੯ ਵਿਚੋਂ ਮਿਲਦਾ ਹੈ । ਭਾਰਤ ਦੀ ਦੁਰਦਸ਼ਾ ਪਉੜੀ ੩੦, ਵਾਰ ੧, ਵਿਚ ਕਿਹੇ ਅਨੋਖੇ ਢੰਗ ਨਾਲ ਦ੍ਰਿਸਟਮਾਨ ਕੀਤੀ ਹੈ ।

ਕਲਿ ਆਈ ਕੁੱਤੀ ਮੁਹੀ ਖਾਜੁ ਹੋਆ ਮੁਰਦਾਰ ਗੁਸਾਈ ।
ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ ।
ਪਰਜਾ ਅੰਧੀ ਗਿਆਨ ਬਿਨੁ ਕੂੜੁ ਕੁਸਤਿ ਮੁਖਹੁ ਆਲਾਈ।
... ... ... ...
ਕਾਜੀ ਹੋਏ ਰਿਸਵਤੀ ਵਢੀ ਲੈ ਕੇ ਹਕ ਗਵਾਈ ।
... ...
ਵਰਤਿਆ ਪਾਪ ਸਭਸ ਜਗ ਮਾਂਹੀ ।
(ਪਉੜੀ ੩੦ ਵਾਰ ੧)

ਗੁਰੂ ਜੀ ਦਾ ਮੱਕੇ ਜਾਣਾ, ਨੀਲ ਬਸਤਰ, ਹਥ ਵਿਚ ਸੋਟਾ, ਕੱਛ ਵਿਚ ਲੋਟਾ, ਹਥ ਵਿਚ ਕਿਤਾਬ ਦਾ ਫੜਨਾ ਲਿਖਿਆ ਹੈ । ਮੱਕੇ ਵਲ ਪੈਰ ਪਸਾਰ ਲੈਣਾ ਜੀਵਣ ਕਾਜ਼ੀ ਨੇ ਟੰਗੋਂ ਫੜ ਘਸੀਟਣਾ, 'ਫਿਰਿਆ ਮੱਕਾ ਜ਼ਾਹਰ ਕਲਾ ਦਿਖਾਈ' ਦੀ ਤਸਵੀਰ ਭਾਈ ਸਾਹਿਬ ਨੇ ਵਾਰ ੧ ਪਉੜੀ ੩੨, ੩੩ ਵਿਚ ਖਿਚੀ ਹੈ । ਭਾਈ ਸਾਹਿਬ ਦਸਦੇ ਹਨ—ਬਾਬੇ ਨੇ ਕੌਂਸ (ਖੜਾਵ) ਦੀ ਨਿਸ਼ਾਨੀ ਮੱਕੇ ਅੰਦਰ ਰਖੀ । ਉਸਦੀ ਪੂਜਾ ਹੋਣ ਲਗੀ । ਗੁਰੂ ਜੀ ਦਾ ਬਗ਼ਦਾਦ ਜਾਣਾ ਬਾਬੇ ਅਕਾਲ ਰੂਪ ਨਾਲ ਰਬਾਬੀ ਮਰਦਾਨੇ ਦਾ ਹੋਣਾ, ਬਾਬੇ ਦੀ ਬਾਂਗ ਦਾ ਦੇਣਾ, ਪੀਰ ਦਸਤਗੀਰ ਨਾਲ ਮੁਲਾਕਾਤ, ਧੁਰੋਂ ਪਤਾਲੋਂ ਪ੍ਰਸ਼ਾਦ ਦਾ ਕਚਕੌਲ ਭਰ ਲਿਆਉਣਾ, ਲਖ ਅਕਾਸ਼ ਪਤਾਲ ਪੀਰ ਨੂੰ ਵਿਖਾਉਣੇ, ਜ਼ਾਹਰ ਕਲਾ ਦਾ ਛਿਪੀ ਨਾ ਰਹਿਣਾ,ਗੜ ਬਗਦਾਦ ਮੱਕੇ ਨੂੰ ਨਿਵਾਉਣਾ ਪਉੜੀ ੩੨ ਤੋਂ ੩੭ ਤੀਕ ਇਤਿਹਾਸਕ ਘਟਨਾਵਾਂ ਹਨ ਜੋ ਵਾਰ ਪਹਿਲੀ ਨਾਲ ਹੀ ਸਬੰਧਤ ਹੈ। ਬਾਬੇ ਦਾ ਕਟਤਾਰ ਪੁਰ ਆਉਣਾ, ਭੇਖ ਉਦਾਸੀ ਸਗਲ ਉਤਾਰਨਾ, ਸੰਸਾਰੀ ਕਪੜੇ ਪਾ ਮੰਜੀ ਤੇ ਬੈਠਣਾ, ਪੁਤਰਾਂ ਦਾ ਕੌਲ ਨਾ ਪਾਲਣਾ, ਦੀਆਂ ਇਤਿਹਾਸਕ ਘਟਨਾਵਾਂ ਪਉੜੀ ੩੮ ਵਾਰ ੧, ਚੋਂ ਲਭਦੀਆਂ ਹਨ । ਬਾਬੇ ਦਾ ਸ਼ਿਵਰਾਤ੍ਰੀ ਦੇ ਮੇਲੇ ਤੇ ਅਚਲ ਵਟਾਲੇ ਜੋਗੀਆਂ ਨਾਲ ਚਰਚਾ, ਜੋਗੀਆਂ ਲੋਟਾ ਲੁਕਾਣਾ, ਬਾਬੇ ਨੇ ਕਢਣਾ, ਭੰਗਰ ਨਾਥ ਜੋਗੀ ਨਾਲ ਗੁਰੂ ਜੀ ਦੇ ਪ੍ਰਸ਼ਨ ਉਤਰ, ਤੂੰ ਦੁਧ ਵਿਚ ਕਾਂਜੀ ਕਿਉਂ ਪਾਈ, ਗੁਰੂ ਜੀ ਦਾ ਉਤਰ—ਤੇਰੀ ਮਾਉਂ ਕੁਚੱਜੀ ਆਈ ਭਾਂਡਾ ਧੋਇ ਨ ਜਾਤਿਓਨ' 'ਹੋਈ ਅਤੀਤ ਗ੍ਰਿਸਤ ਤਜ ਫਿਰ ਉਨ ਹੂ ਕੇ ਘਰ ਮੰਗਣ ਜਾਈ । ਜੋਗੀਆਂ ਨੂੰ ਬਾਬੇ ਸ਼ਬਦ ਨਾਲ ਜਿਤਨ ਦਾ ਠੀਕ ਠੀਕ ਹਵਾਲਾ ਪਉੜੀ ੩੯ ਤੇ ੪੦ ਵਿਚ ਤੇ ਮੁਲਤਾਨ ਵਿਚ ਬਾਬੇ ਦੀ ਜ਼ਯਾਰਤ ਵਿਚ (ਯਾਤਰਾ), ਮੁਲਤਾਨ ਦੇ ਪੀਰ ਨੇ ਦੁਧ ਦਾ ਕਟੋਰਾ ਰਖਣਾ, ਬਾਬੇ ਨੇ ਉਤੇ ਚੰਬੇਲੀ ਧਰਨੀ, ਪੀਰ ਨੂੰ ਜਿਤਣਾ । ਮੁਲਤਾਨ ਤੋਂ ਕਰਤਾਰ ਪੁਰ ਆਉਣਾ, ਜਗਤ ਵਿਚ ਸਿਕਾ ਮਾਰ ਕੇ ਨਾਨਕ ਨਿਰਮਲ ਪੰਥ ਚਲਾਉਣਾ, ਲਹਿਣੇ ਨੂੰ ਗੱਦੀ ਦੇਣਾ, ਕਾਇਆਂ ਪਲਟ ਹੋਰ ਸਰੂਪ ਬਣਾਉਣਾ



www.AKJ.Org

ਪਉੜੀ ੪੫ ਵਾਰ ੧ ਵਿਚੋਂ ਸਪਸ਼ਟ ਹੈ। ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ ਤੇ ਗੁਰੂ ਅਰਜਨ ਤੇ ਛੇਵੇਂ ਗੁਰੂ ਦੀਆਂ ਗੱਦੀ ਨਸ਼ੀਨੀ ਦੀਆਂ ਘਟਨਾਵਾਂ ਜਾਂ ਪ੍ਰਸਿੱਧ ਇਤਿਹਾਸਕ ਵਾਪਰੀਆਂ ਜੋ ਭਾਈ ਸਾਹਿਬ ਜੀ ਨੇ ਅਖੀਂ ਡਿਠੀਆਂ ਸਨ ਨੂੰ ਭਾਈ ਸਾਹਿਬ ਨੇ ਇਤਿਹਾਸਕ ਪੱਖ ਤੋਂ ਉਲੀਕਿਆ ਹੈ। 'ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚ ਜੋਤਿ ਜਗਾਵੈ (ਪਉੜੀ ੪੩ ਵਾਰ ੧) ਤੇ ਅੰਮ੍ਰਿਤਸਰ ਸਾਹਿਬ ਦੇ ਸਰੋਵਰ ਦਾ ਬਣਨਾ, 'ਬੈਠਾ ਸੋਢੀ ਪਾਤਸ਼ਾਹ ਰਾਮਦਾਸ ਸਤਿਗੁਰੂ ਕਹਾਵੈ' ਤੋਂ ਗੁਰੂ ਰਾਮਦਾਸ ਦਾ ਗੁਰਗੱਦੀ ਤੇ ਬੈਠਣਾ, ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰ ਭਾਰੀ' ਤੋਂ ਗੁਰੂ ਹਰਿਗੋਬਿੰਦ ਸਾਹਿਬ ਦਾ ਗੱਦੀ ਤੇ ਬੈਠਣਾ, 'ਦਲ ਭਜਨ ਗੁਰ ਸੂਰਮਾ ਵੱਡ ਜੋਧਾ ਬਹੁ ਪਰਉਪਕਾਰੀ' ਤੋਂ ਛੇਵੇਂ ਗੁਰੂ ਦੀ ਚੜ੍ਹਦੀ ਕਲਾ, 'ਚਲੀ ਪੀੜੀ ਸੋਢੀਆਂ ਰੂਪ ਦਿਖਾਵਣ ਵਾਰੋ ਵਾਰੀ' ਤੋਂ ਛਿਆਂ ਪਹਿਲੇ ਗੁਰੂਆਂ ਦੇ ਗੁਰਿਆਇ ਕਾਲ ਦੀ ਠੀਕ ਸੂਹ ਲਗਦੀ ਹੈ। ਭਾਈ ਗੁਰਦਾਸ ਜੀ ਨੇ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਰਾਵੀ ਕੰਢੇ ਅੱਖੀਂ ਵੇਖੀ ਸੀ ਤੇ ਆਪ ਨੇ ਗੁਰੂ ਜੀ ਦੀ ਸ਼ਹੀਦੀ ਨੂੰ—'ਜੋਤੀ ਅੰਦਰਿ ਜੋਤਿ ਸਮਾਣੀ ਭੀੜ ਪਈ ਚੀਤਿ ਅਵਰ ਨਾ ਜਾਣੀ' ਦੇ ਸ਼ਬਦਾਂ ਨਾਲ ਚਿਤਰਿਆ ਹੈ। ਭਾਈ ਗੁਰਦਾਸ ਜੀ ਨੇ ੨੧ ਵੀਂ ਵਾਰ ਵਿਚ ਗੁਰੂ ਕਾਲ ਦੇ ਉਘੇ ਸਿਖਾਂ ਦੇ ਨਾਂ ਗਿਣੇ ਹਨ ਜਿਵੇਂ ਪਉੜੀ ੧੩ ਵਿਚ ਵਾਰ ੧੧ ਵਿਚ ਗੁਰੂ ਨਾਨਕ ਸਾਹਿਬ ਦੇ ਉਘੇ ਸਿਖ ਤਾਰੂ ਪੋਪਟ, ਮੂਲਾ ਕੀੜਾ, ਪਿਰਥੀ ਮਲ ਸਹਿਗਲ, ਪਿਰਥਾ ਖੇੜਾ ਦੌਲਤ ਖਾਂ ਲੋਧੀ, ਮਲ ਮਾਂਗਨ, ਭੱਲਾ ਰਾਮਾ, ਭਗਤਾ ਓਹਰੀ, ਭਗੀਰਥ, ਰੰਧਾਵਾ, ਭਲਾ ਬੂੜਾ, ਸੀਹਾਂ ਉਪਲ, ਗੱਜਣ ਉਪਲ, ਦੇ ਨਾਂ ਆਪ ਨੇ ਲਿਖੇ ਹਨ। ਵਾਰ ੧੫, ਪਉੜੀ ੧੧ ਵਿਚ ਗੁਰੂ ਅੰਗਦ ਕਾਲ ਦੇ ਪ੍ਰਸਿਧ ਸਿਖਾਂ ਦੇ ਨਾਂ—ਪਾਰੋ ਜੁਲਕਾ, ਪਰਮਹੰਸ, ਮਲੂਸ਼ਾਹੀ, ਦੀਪਾ ਦੇਉ, ਜੱਗਾ ਧਰਣੀ, ਖਾਨੂੰ ਮਈਆ, ਜੋਧਾ ਰਸੋਈਆ, ਖਾਸ ਵਰਨਣ ਯੋਗ ਹਨ। ਇਵੇਂ ਇਸੇ ਵਾਰ ੧੧, ਪਉੜੀ ੧੬ ਵਿਚ ਤੀਜੇ ਗੁਰੂ ਦੇ ਸਮੇਂ ਦੇ ਸਿਖਾਂ ਦੇ ਨਾਂ ਤੇ ਡਲੇ ਦੀ ਸੰਗਤ ਦਾ ਹਾਲ ਸਾਡੇ ਹਥ ਲਗਦਾ ਹੈ—ਉਘੇ ਸਿਖ ਤੀਜੀ ਪਾਤਸ਼ਾਹੀ ਦੇ ਇਹ ਦੱਸੇ ਹਨ—ਪ੍ਰਿਥੀ ਮਲ, ਤੁਲਸਾ ਭਲਾ, ਰਾਮੂ, ਦੀਪਾ, ਭੱਲਾ, ਮੱਲਣ, ਮੋਹਣ, ਰਾਮੂ, ਮਹਤਿਆ, ਉਗਰਸੈਣ ਨਗੋਰੀ, ਭਾਗੂ ਭਗਤ, ਸੂਦਨਾ, ਉਗਰੂ, ਮਲੀਆ, ਸਹਾਰੂ, ਭਲਾ ਛੀਂਬਾ, ਖਾਨੂ, ਤਾਰੂ, ਅਮਰੂ, ਗੋਪੀ, ਨੰਦੂ। ਵਾਰ ਦੇ ਅੰਤ ਵਿਚ 'ਡੱਲੇ ਵਾਸੀ ਸੰਗਤ ਭਾਰੀ' ਲਿਖਕੇ ਵਾਰ ਦਾ ਅੰਤ ਕੀਤਾ ਹੈ। ਵਾਰ ੧੧, ਪਉੜੀ ੧੭ ਵਿਚ ਚੌਥੇ ਪਾਤਸ਼ਾਹ ਦੇ ਉਘੇ ਸਿਖਾਂ ਦੇ ਨਾਂ ਇਸ ਪ੍ਰਕਾਰ ਆਪ ਦਸਦੇ ਹਨ—ਸਭਰਵਾਲ ਦੇ ਸਿਖਾਂ ਦੇ ਨਾਂ ਗਿਣੇ ਹਨ-ਭਾਈ ਤੀਰਥਾ, ਬਿਸ਼ਨ ਦਾਸ, ਮਾਨਕ ਚੰਦ, ਤਾਰੂ, ਭਾਰੂ, ਬਿਧੀਚੰਦ, ਮਹਾਂਨੰਦ, ਦੀਪਾ ਜੇਠਾ, ਤੀਰਥਾ ਸੈਸਾਰੂ, ਬਰਮਦਾਸ ਖੋਟੜ ਜਾਤੀ, ਚੋਂ, ਭੰਗਰ ਦਾਸ, ਵਹੁਰਾ, ਤੁਲਸਾ, ਨਈਆ ਖੁਲਰ ਜਾਤ ਦਾ, ਬੂਲਾ। ਪਉੜੀ ੧੮ ਇਸੇ ਵਾਰ ਵਿਚ ਹੀ ਪੰਜਵੇਂ ਗੁਰੂ ਦੇ ਸਮੇਂ ਦੇ ਸਿਖਾਂ ਦੇ ਨਾਂ ਵੇਖੋ— ਪੁਰੀਆ, ਚੂਹੜਚੌਧਰੀ, ਪੈੜਾ, ਬਾਲਾ, ਕ੍ਰਿਸ਼ਨਾ, ਪੰਡਤ, ਰਾਇ, ਸੁਹੜ, ਤਿਲੋਕਾ ਸਮੁੰਦ, ਕੁਲਾ, ਭੁਲਾ (ਝੰਜੀਆਂ ਜਾਤੀਆਂ, ਚੋਂ) ਲਾਲੂ, ਬਾਲੂ ਧੀਰ, ਨਿਹਾਲੂ, ਤੁਲਸੀਆ, ਬੂਲਾ, ਚੁੰਡੀਆਂ, ਟੋਡਾ ਮਹਿਤਿਆ, ਤੋਤਾ, ਮੱਦੂ, ਗੋਖੂ, ਮੁਕੰਦ, ਝਾਂਝੂ, ਕਿਦਾਰਾ, ਗੰਗੂ, ਸਹਗਲਾ, ਰਾਮਾ, ਧਰਮਾ, ਊਦਾ, ਜੱਟੂ, ਭੱਟੂ, ਤੇਲੂ, ਮੱਟੂ, ਡੱਲਾ, ਨਿਵਲਾ, ਜਾਪੂ, ਚੰਦੂ ਚਉਝੜ, ਰਾਮਦਾਸ ਭੰਡਾਰੀਆ, ਮੂਲਾ, ਸੂਜਾ ਮਾਛੀ, ਸੁੰਦਰ, ਬਾਲਾ, ਸਾਂਈਦਾਸ, ਸੀਬੜਾ, ਬਿਸ਼ਨੂੰ ਮਾਛੀ, ਤੀਰਥਾ, ਭਾਨੂ, ਜਟੂ, ਮੂਲਾ ਕਪੂਰ, ਚਤੁਰਦਾਸ ਹਾੜੂ, ਕਪੂਰ. ਭਾਰਦਵਾਜੀ, ਜੋਧ, ਢੇਸੀ, ਮੁੱਢ, ਪਨੂੰ ਪੀਰਾਣਾ, ਜਜਾ, ਹਮਜਾ, ਬੰਮੀਆ, ਗੋਇੰਦ, ਬੁਧੂ ਛੀਂਬਾ, ਰਾਮਾ ਝੰਝੀ, ਲਾਲਾ ਸੇਠੀ।

ਪੰਜਾਬ ਦੇ ਸਿਖਾਂ ਦੇ ਨਾਂ—ਪੈੜਾ, ਗੁਰਦਿਤਾ ਕਾਦਾਰਾ ਸਰਾਫ, ਹੇਮੂ, ਸੋਨੀ, ਆਡਿਤ, ਲਾਲਾ ਸੇਠੀ, ਨਿਹਾਲੂ, ਘੂਰਾ, ਭਗਵਾਨ, ਰਵਤਾਸ, ਧਉਣ ਮੁਰਾਰੀ, ਜੇਠਾ। (ਪ: ੧੯,੨੦,੨੧,੨੪ ਵਾਰ ੧੧)


www.AKJ.Org

# ਸੱਚਾ ਦਾਤਾਰ

(ਵਲੋਂ :–ਸ: ਜੋਧ ਸਿੰਘ ਜੀ 'ਸਾਹਿਤ ਰਤਨ' ਵਾਰਾਨਸੀ)

ਭੌਤਕ ਸ਼ਕਤੀਆਂ ਦੇ ਜਾਲ ਵਿਚ ਫਸਿਆ ਮਨੁਖ ਅਜ ਇਸ ਹੋਛੇਪਨ ਤੇ ਵੀ ਉਤਰ ਆਇਆ ਹੈ ਕਿ ਉਹ ਇਹ ਸੋਚੇ, ਕਿ ਉਸਦਾ ਦਿਮਾਗ਼ ਹੀ ਸਾਰੇ ਗੁਣਾਂ ਦਾ ਖ਼ਜ਼ਾਨਾ ਹੈ। ਇਹ ਸਭਿਅਤਾ ਅਤੇ ਸੋਚਣੀ ਇਕ ਪਾਸੇ ਤਾਂ ਅਸਮਾਨ ਨੂੰ ਚੁੰਮਣ ਵਾਲੇ ਦਿਲ ਖਿਚਵੇਂ ਮਹੱਲ ਖੜੇ ਕਰੀ ਜਾ ਰਹੀ ਹੈ ਜਿਨ੍ਹਾਂ ਵਿਚ ਕੁਝ ਲੋਕਾਂ ਲਈ ਸੰਸਾਰ ਦੇ ਸਾਰੇ ਸੁਖਾਂ ਦੇ ਸਾਧਨ ਮੌਜੂਦ ਹਨ ਅਤੇ ਇਕ ਪਾਸੇ ਧਰਤੀ ਦੇ ਆਧਾਰ ਤੋਂ ਥਲੇ ਟੋਇਆਂ ਵਿਚ ਉਚੀਆਂ ਨੀਵੀਆਂ ਧੂੰਏਂਦਾਰ ਝੁਗੀਆਂ ਬਣਾਈ ਜਾ ਰਹੀ ਹੈ, ਜਿਨ੍ਹਾਂ ਵਿਚ ਮਨੁਖਤਾ ਨੂੰ ਲਜਿਆਉਣ ਵਾਲੇ ਸਾਰੇ ਮੌਜੂਦ ਹਨ। ਕਾਰਨ? ਇਨਸਾਨ ਦੁਆਰਾ ਉਸ ਦਾਤਾਰ ਪ੍ਰਭੂ ਨੂੰ ਭੁਲ ਕੇ ਆਪਣੀ ਬੁਧੀ ਦੇ ਆਧਾਰ ਤੇ ਪਾਈਆਂ ਧਰਤੀ, ਕੌਮਿਤਾਂ ਅਤੇ ਜ਼ਾਤ ਪਾਤ ਦੀਆਂ ਵੰਡੀਆਂ।

ਇਨਸਾਨ ਦੀ ਭੁਖ ਜਿਹੜੀ ਕਿ ਦਿਨ ਬਦਿਨ ਵਧਦੀ ਚਲੀ ਜਾ ਰਹੀ ਹੈ, ਇਨਸਾਨ ਵਿਚ ਆਸਾਂ ਅਤੇ ਚਿੰਤਾਵਾਂ ਵੀ ਦਿਨ ਬਦਿਨ ਵਧਾਈ ਚਲੀ ਜਾ ਰਹੀ ਹੈ। ਮਨੁਖ ਨੇ ਆਪਣੇ ਚੁਗਿਰਦੇ ਅਜਿਹਾ ਤਾਣਾ ਤਣ ਲਿਆ ਹੈ ਕਿ ਨਿਰੇ ਅਪਣੇ ਆਪ ਨੂੰ ਹੀ ਪਿਆਰਨ ਵਾਲੀ ਮਕੜੀ ਦੇ ਸਮਾਨ ਹੁਣ ਉਸ ਵਿਚੋਂ ਨਿਕਲਣ ਲਈ ਰਾਹ ਲਭਣਾ ਵੀ ਉਸ ਲਈ ਔਖਾ ਹੋ ਗਿਆ ਹੈ। ਆਪਣੀ ਬੁਧੀ ਤੇ ਮਾਣ ਕਰਨ ਵਾਲਾ ਅਤੇ ਹਮੇਸ਼ਾਂ ਚਿੰਤਾਵਾਂ ਨਾਲ ਘਿਰਿਆ ਰਹਿਣ ਵਾਲਾ ਮਨੁਖ ਢਾਹੂ ਖ਼ਿਆਲਾਂ ਦੇ ਵਹਿਣਾਂ 'ਚ ਰੁੜਦਾ ਕਦੀ ਕਦੀ ਜਾਨੋਂ ਹੱਥ ਧੋ ਲੈਣ ਵਿਚ ਵੀ ਸੰਕੋਚ ਨਹੀਂ ਕਰਦਾ। ਭੌਤਕ ਸੁਖਾਂ ਦੇ ਸੰਘਣੇ ਬਦਲਾਂ ਕਾਰਨ ਦੁਖਾਂ ਦਾ ਹਨੇਰਾ ਵੀ ਡੂੰਘਾ ਹੁੰਦਾ ਜਾਂਦਾ ਹੈ ਅਤੇ ਮਾਇਆ ਮੋਹ ਵਿਚ ਗ੍ਰਸਿਆ ਮਨੁਖ ਜਦੋਂ 'ਅਗੋ ਨੇੜਾ ਆਇਆ ਪਿਛਾ ਰਹਿਆ ਦੂਰ' ਦੇ ਮਹਾਂਵਾਕ ਅਨੁਸਾਰ ਠੋਕਰਾਂ ਖਾ ਕੇ ਚੇਤਦਾ ਹੈ ਤਾਂ ਫਿਰ ਆਪਣੇ ਆਪ ਨੂੰ ਬਲਹੀਨ ਸਮਝਕੇ ਚਿੰਤਾਵਾਂ ਦੇ ਰੋਹੜਾਂ ਵਿਚ ਬੇਬਸ ਹੋਕੇ ਰੁੜ੍ਹਦਾ ਚਲਿਆ ਜਾਂਦਾ ਹੈ, ਪਰ ਗੁਰੂ ਸਾਹਿਬ ਨੇ ਅਜਿਹੇ ਮਨੁਖਾਂ ਨੂੰ ਵੀ ਅਪਣੀ ਬਾਣੀ ਰਾਹੀਂ ਹੌਸਲਾ ਦਿਤਾ ਹੈ :—

'ਦੀਨ ਦਇਆਲ ਦਇਆ ਨਿਧ ਦੋਖਨ
ਦੇਖਤ ਹੈ ਪਰ ਦੇਤ ਨ ਹਾਰੇ ॥'

ਉਹ ਸਚਾ ਦਾਤਾਰ ਪ੍ਰਭੂ ਸਾਡੇ ਔਗੁਣਾਂ ਨੂੰ ਵੇਖ ਕੇ ਅਣਡਿੱਠ ਕਰਦਾ ਹੋਇਆ ਸਾਨੂੰ ਫਿਰ ਵੀ ਢੋਈ ਦੇਣੋਂ ਦਰੇਗ ਨਹੀਂ ਕਰਦਾ। ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਫੁਰਮਾਂਦੇ ਹਨ —

ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸਹੀ ਹੇਇ।
ਜਲ ਮਹਿ ਜੰਤ ਉਪਾਇਅਨ ਤਿਨਾ ਭੀ ਰੋਜੀ ਦੇਇ।

ਲੇਕਿਨ, ਕੀ ਉਹ ਪ੍ਰਭੂ ਇਸ ਤਰ੍ਹਾਂ ਹਮੇਸ਼ਾਂ ਸਾਡੀਆਂ ਲੋੜਾਂ ਨੂੰ ਪੂਰਾ ਕਰਕੇ ਸਾਨੂੰ ਕਰਮਹੀਨਤਾ ਦਾ ਉਪਦੇਸ਼ ਦਿੰਦਾ ਹੈ ਕਿ ਅਸੀਂ ਉਸ ਤੇ ਆਸਾਂ ਲਾ ਕੇ ਨਕਾਰੇ ਬਣ ਬੈਠੀਏ। ਕੀ ਇਸ ਸੋਚਣੀ ਪਿਛੇ ਕੋਈ ਕਿਰਿਆਸ਼ੀਲ ਰਾਜ਼ ਹੈ ਜਿਸ ਲਈ ਗੁਰੂ ਸਾਹਿਬਾਨ ਨੇ ਵੀ ਸਾਨੂੰ ਪ੍ਰੇਰਿਆ ਹੈ? ਆਉ ਇਸ ਪ੍ਰਸ਼ਨ ਨੂੰ ਵਿਚਾਰੀਏ।

ਜਿਵੇਂ ਈਰਖਾ ਮਨੁਖ ਦੇ ਅੰਤਰ ਆਤਮੇ ਨੂੰ ਸਾੜ ਕੇ ਸੁਆਹ ਕਰਦੀ ਜਾਂਦੀ ਹੈ ਉਵੇਂ ਹੀ ਚਿੰਤਾ


www.AKJ.Org

ਵਿਚ ਵੀ ਇਹ ਸਾਰੇ ਗੁਣ ਮੌਜੂਦ ਹਨ। ਤਾਹੀਉਂ ਸ਼ਾਇਦ ਚਿੰਤਾ ਨੂੰ ਚਿਖਾ ਦੇ ਬਰਾਬਰ ਵੀ ਕਿਹਾ ਗਿਆ ਹੈ। ਵਿਦਵਾਨਾਂ ਨੇ ਚਿੰਤਾ ਨੂੰ ਕਈ ਨਾਵਾਂ ਨਾਲ ਸੰਬੋਧਨ ਕੀਤਾ ਹੈ ਜਿਵੇਂ ਕਿ ਬੁਧੀ, ਮਨੀਸ਼ਾ, ਮਤਿ, ਆਸ ਆਦਿ। ਇਹ ਸਾਰੇ ਮਨੋਵਿਕਾਰ ਕਿਸੇ ਨ ਕਿਸੇ ਹੀਲੇ ਚਿੰਤਾ ਦਾ ਚੁਗਿਰਦਾ ਬਣਾਉਣ ਵਿਚ ਸਾਡੀ ਸਹਾਇਤਾ ਕਰਦੇ ਹਨ। ਕੇਵਲ ਚਿੰਤਾ ਕਰੀ ਜਾਣ ਵਾਲਾ ਮਨੁਖ ਆਪਣੇ ਆਪ ਨੂੰ ਦਿਨ ਪ੍ਰਤੀ ਦਿਨ ਘੁਣ ਖਾਧੀ ਲਕੜੀ ਦੀ ਤਰ੍ਹਾਂ ਕਮਜ਼ੋਰ ਅਤੇ ਢਾਹੂ ਖਿਆਲਾਂ ਵਾਲਾ ਬਣਾਈ ਜਾਂਦਾ ਹੈ। ਕੇਵਲ ਆਸਾਂ ਅਤੇ ਚਿੰਤਾਂਵਾਂ ਵਿਚ ਡੁਬਿਆ ਕਰਮਹੀਨ ਮਨੁਖ ਠੀਕ ਅਜਿਹਾ ਜੀਵ ਹੈ ਜਿਸ ਨੂੰ ਅਸੀਂ ਅੰਨਾ ਅਤੇ ਬੋਲਾ ਵੀ ਆਖ ਸਕਦੇ ਹਾਂ। ਏਸੇ ਲਈ ਗੁਰੂ ਸਾਹਿਬ ਨੇ ਫੁਰਮਾਇਆ ਹੈ—

ਘਾਲ ਖਾਇ ਕਿਛੁ ਹਥਹੁ ਦੇਇ।
ਨਾਨਕ ਰਾਹ ਪਛਾਣੇ ਸੇਇ।

ਏਥੇ ਫੋਕੀਆਂ ਆਸਾਂ ਲਾ ਕੇ ਬੈਠੇ ਰਹਿਣ ਵਾਲੇ ਵਿਹਲੜਾਂ ਨੂੰ ਕਿੰਨੀ ਉਸਾਰੂ ਚੇਤਾਵਨੀ ਦਿਤੀ ਗਈ ਹੈ ਕਿ ਦਾਨ ਦੇਣ ਜਾਂ ਲੈਣ ਦੀ ਚਿੰਤਾ ਨੂੰ ਛਡ ਕੇ ਸਭ ਤੋਂ ਪਹਿਲਾਂ ਆਪਣੇ ਸਰੀਰ ਨੂੰ ਮਿਹਨਤ ਦੀ ਕੁਠਾਲੀ ਵਿਚ ਘਾਲੋ। ਜਦੋਂ ਤਕ ਅਸੀਂ ਦਸਾਂ ਨਹੁੰਆਂ ਦੀ ਕਿਰਤ ਨਹੀਂ ਕਰਦੇ, ਸਾਨੂੰ ਦਾਨ ਲੈਣ ਦੇਣ ਦਾ ਕੋਈ ਹੱਕ ਨਹੀਂ।

ਗੀਤਾ ਵਿਚ ਚਿੰਤਾ ਨੂੰ ਤਿਆਗ ਕੇ ਫਲ ਦੀ ਇਛਿਆ ਤੋਂ ਰਹਿਤ ਹੋਕੇ ਕਰਮ ਕਰਨ ਦਾ ਉਪਦੇਸ਼ ਦਿਤਾ ਗਿਆ ਹੈ। ਇਸ ਉਪਦੇਸ਼ ਨੂੰ ਆਪਣੇ ਆਪਣੇ ਹਿਸਾਬ ਕਿਤਾਬ ਦੁਆਰਾ ਅਪਣਾਉਣ ਕਰਕੇ ਆਮ ਤੌਰ ਤੇ ਭਾਰਤ ਵਾਸੀਆਂ ਵਿਚ ਕੰਮ ਕਰਨ ਦੇ ਪ੍ਰਤੀ ਰੁਝਾਨ ਵਧਣ ਦੀ ਬਜਾਏ ਕਰਮ-ਹੀਨਤ ਦਾ ਪ੍ਰਚਾਰ ਹੀ ਵਧਿਆ ਹੈ। ਕਰਮਕਾਂਡ ਤੇ ਪਖੰਡ ਨੂੰ ਆਸਰਾ ਮਿਲਿਆ ਹੈ। ਇਸ ਤਰ੍ਹਾਂ ਦੇ ਗਲਤ ਪ੍ਰਚਾਰ ਢੰਗ ਨੂੰ ਗੁਰੂ ਸਾਹਿਬਾਨ ਨੇ ਸਮਝਿਆ ਅਤੇ ਭੁਲੇ ਹੋਏ ਲੋਕਾਂ ਨੂੰ ਜਿਹੜੇ ਕਿ ਸੰਸਾਰ ਨੂੰ ਕੇਵਲ ਦੁਖਾਂ ਦਾ ਘਰ ਸਮਝਦੇ ਚਲੇ ਆ ਰਹੇ ਸਨ ਦਸਿਆ ਕਿ ਕੋਈ ਵੀ ਕੰਮ ਫਲ ਦੀ ਇਛਾ ਤੋਂ ਰਹਿਤ ਹੋ ਕੇ ਨਹੀਂ ਕੀਤਾ ਜਾ ਸਕਦਾ। ਫਲ ਦੀ ਇਛਿਆ ਸਾਡੇ ਹਿਰਦੇ ਵਿਚ ਹੋਣੀ ਅਵੱਸ਼ਕ ਹੈ। ਨਹੀਂ ਤਾਂ ਕੀਤਾ ਕੰਮ ਇਕ ਪਖੰਡ ਮਾਤਰ ਬਣ ਕੇ ਰਹਿ ਜਾਏਗਾ। ਹਾਂ ਉਸ ਫਲ ਦੀ ਹੀ ਕੇਵਲ ਚਿੰਤਾ ਸਾਡੇ ਮਨ ਉਤੇ ਹਾਵੀ ਨਹੀਂ ਹੋਣੀ ਚਾਹੀਦੀ, ਅਤੇ ਇਹ ਸੋਚ ਕੇ ਕਿ ਅਮੁਕ ਕੰਮ ਤਾਂ ਸਾਡੇ ਵਸ ਤੋਂ ਬਾਹਰ ਹੈ ਉਸਦਾ ਫਲ ਤਾਂ ਸਾਨੂੰ ਪ੍ਰਾਪਤ ਹੋ ਹੀ ਨਹੀਂ ਸਕਦਾ ਅਸੀਂ ਇਹ ਸੋਚ ਲਈਏ ਕਿ ਇਸ ਕੰਮ ਕਰਨ ਦੀ ਲੋੜ ਹੀ ਨਹੀਂ, ਜਿਥੇ ਸਾਡੀ ਕਰਮਹੀਨਤਾ ਹੈ ਨਾਲ ਹੀ ਨਾਲ ਕੰਮ ਤੋਂ ਬਚਣ ਦਾ ਇਕ ਘਟੀਆ ਬਹਾਨਾ ਵੀ ਹੈ। ਬਲਕਿ ਬਾਣੀ ਵਿਚ ਤਾਂ ਸਪਸ਼ਟ ਦਸਿਆ ਗਿਆ ਹੈ ਕਿ ਜਿਸ ਤਰ੍ਹਾਂ ਦਾ ਕਰਮ ਤੁਸੀਂ ਕਰੋਗੇ ਉਸਦਾ ਉਸੇ ਤਰ੍ਹਾਂ ਦਾ ਫਲ ਅਵੱਸ਼ ਪ੍ਰਾਪਤ ਹੋਵੇਗਾ।

ਜੇਹਾ ਬੀਜੇ ਸੋ ਲੁਣੇ ਕਰਮਾਂ ਸੰਦੜਾ ਖੇਤ ॥

ਇਸ ਲਈ ਕੋਈ ਵੀ ਵੀਚਾਰ ਜੇ ਨਿਰਾ ਚਿੰਤਾ ਜਾਂ ਆਸ ਦਾ ਮਜ਼ਮੂਨ ਬਣ ਕੇ ਹੀ ਰਹਿ ਜਾਵੇ ਅਤੇ ਉਸ ਵਿਚਾਰ ਦੇ ਆਉਣ ਨਾਲ ਸਾਡੇ ਵਿਚ ਕਿਰਿਆਸ਼ੀਲਤਾ ਦਾ ਗੁਣ ਨਹੀਂ ਉਪਜਦਾ ਤਾਂ ਉਹ ਸੱਚਾ ਦਾਤਾਰ ਪ੍ਰਭੂ ਬਾਬੇ ਫਰੀਦ ਜੀ ਦੇ ਇਸ ਸਲੋਕ ਰਾਹੀਂ ਸਾਨੂੰ ਚਿਤਾਵਨੀ ਦਿੰਦਾ ਹੈ :—

ਫ਼ਰੀਦਾ ਲੋੜੈ ਦਾਖ ਬਿਜਉਰੀਆ ਕਿੱਕਰ ਬੀਜੈ ਜਟੁ।
ਹੰਢੈ ਉਨ ਕਤਾਇਦਾ ਪੈਧਾ ਲੋੜੈ ਪੱਟ।

ਸਿੱਖੀ ਜੀਵਨ ਜਿਥੇ ਨਿਰਾਸ਼ਾਵਾਦਤਾ ਨੂੰ ਦੂਰ ਕਰਦਿਆਂ ਹੋਇਆਂ, ਧਰਮ,ਗਿਆਨ, ਸ਼ਰਮ, ਕਰਮ ਖੰਡ ਨੂੰ ਪਾਰ ਕਰਦਿਆਂ ਸਚਖੰਡ ਵਿਚ ਪ੍ਰਭੂ ਨਾਲ ਮਨੁਖ ਨੂੰ ਜੋੜਦਾ ਹੈ ਉਥੇ ਨਾਲ ਹੀ ਨਾਲ ਮਨੁਖ ਨੂੰ ਸੰਸਾਰੀ ਜੀਵਨ ਵਿਚ ਵੀ ਲੋਭ ਤੇ ਮੋਹ ਤੋਂ ਮੁਕਤ ਕਰਦਾ ਹੈ। ਉਸ ਈਸ਼ਵਰ ਦੇ ਦਾਤਾਰ ਗੁਣ ਨੂੰ ਹਿਰਦੇ ਵਿਚ ਵਸਾਉਣ ਦਾ ਸੋਹਣਾ ਚਿੱਤਰ ਗੁਰੂ ਸਾਹਿਬ ਨੇ ਸੰਸਾਰ ਸਾਹਮਣੇ ਰਖਿਆ ਹੈ।

ਸੇਵਾ ਥੋਰੀ ਮਾਂਗਨ ਬਹੁਤਾ।
ਮਹਲ ਨ ਪਾਵੈ ਕਹਤੋ ਪਹੁਤਾ।'



www.AKJ.Org

ਅਸੀਂ ਆਪਣੇ ਕੀਤੇ ਕੰਮਾਂ ਤੋਂ ਆਪ ਹੀ ਖ਼ੁਸ਼ ਹੋ ਕੇ ਜਦੋਂ ਉਸਦੇ ਫਲ ਦਾ ਦੂਣਾ ਚੌਗੁਣਾ ਅਨੁਮਾਨ ਲਾ ਲੈਂਦੇ ਹਾਂ ਅਤੇ ਆਪਣੀਆਂ ਬੇਲੋੜੀਆਂ ਵਿਉਂਤਾਂ ਨੂੰ ਸਿਰੇ ਚਾਹੜਣ ਵਿਚ ਅਸਮਰੱਥ ਹੋ ਜਾਂਦੇ ਹਾਂ ਤਾਂ ਸਾਨੂੰ ਅਖੋਤੀ ਚਿਤਾਵਾਂ ਅਤੇ ਨਿਰਾਸ-ਤਾਵਾਂ ਆ ਘੇਰਦੀਆਂ ਹਨ। ਅਸੀਂ ਆਪਣੇ ਕੋਝੇ ਯਤਨਾਂ ਵਲ ਮੁੜ ਨਿਗਾਹ ਮਾਰਨ ਨੂੰ ਤਿਆਰ ਨਹੀਂ ਹੁੰਦੇ ਅਤੇ ਲਗ ਪੈਂਦੇ ਹਾਂ ਉਸ ਦਾਤਾਰ ਪ੍ਰਭੂ ਨੂੰ ਕੋਸਣ। ਨਤੀਜਾ ਰੱਬ ਤੋਂ ਮੁਨਕਰੀ। ਇਖ਼ਲਾਕ ਤੋਂ ਗਿਰਾਵਟ। ਚੋਰੀ, ਠੱਗੀ, ਖ਼ੂਨ ਖ਼ਰਾਬਾ ਅਤੇ ਪਹਿਲਾਂ ਨਾਲੋਂ ਵੀ ਵੱਧ ਤ੍ਰਿਸ਼ਨਾ, ਭੁਖ, ਅਸ਼ਾਂਤੀ ਅਤੇ ਅੰਤ ਵਿਚ ਮ੍ਰਿਗ ਤ੍ਰਿਸ਼ਨਾ ਵਿਚ ਫਸੇ ਹਿਰਨ ਵਾਂਗ ਤੜਫਦਿਆਂ ਅਜਾਈਂ ਮੌਤ। ਬਾਣੀ ਵਿਚ ਫ਼ੁਰਮਾਣ ਹੈ –

ਜਿਨੀ ਕੰਮੀ ਨਾਹ ਗੁਣ ਤੇ ਕੰਮੜੇ ਵਿਸਾਰ।
ਮਤ ਸਰਮਿੰਦਾ ਥੀਵਹੀ ਸਾਂਈ ਦੇ ਦਰਬਾਰ।

ਆਮ ਤੌਰ ਤੇ ਇਕਾਂਗੀ ਅਤੇ ਤੰਦਰੁਸਤੀ ਰਹਿਤ ਵਾਤਾਵਰਨ ਵਿਚ ਪਲਰੇ ਹੋਣ ਕਰਕੇ ਅਸੀਂ ਇਕਾਂਗੀ ਦ੍ਰਿਸ਼ਟੀਕੋਣ ਨਾਲ ਹੀ ਹਰ ਗਲ ਨੂੰ ਵੇਖਣ ਦੇ ਆਦੀ ਹੋ ਚੁਕੇ ਹਾਂ। ਅਸੀਂ ਉਸ ਪ੍ਰਭੂ ਦੇ ਬਹੁਮੁਖੀ ਗੁਣਾਂ ਨੂੰ ਆਪਣੇ ਇਕ ਪੱਖੀ ਵਿਚਾਰਾਂ ਰਾਹੀਂ ਸਮਝ ਹੀ ਨਹੀਂ ਪਾਉਂਦੇ ਅਤੇ ਆਪਣੇ ਮਤਲਬ ਸਾਰਨ ਵਾਲੀ ਤੁਕ ਅਥਵਾ ਗਲ ਨੂੰ ਫੜ ਕੇ ਬਹਿ ਜਾਂਦੇ ਹਾਂ।

'ਸਾਹਿਬ ਮੇਰਾ ਮਿਹਰਵਾਨ।
ਜੀਅ ਸਗਲ ਕੋ ਦੇਇ ਦਾਨ।'

ਨੂੰ ਆਪਣੇ ਢੰਗ ਨਾਲ ਸਮਝਣ ਵਾਲੇ ਕਰਮਹੀਨ ਮਨੁਖ ਬੇਸ਼ਕ ਕੰਮ ਕਰਨ ਦੀ ਬਜਾਏ ਭੁਖੇ ਮਰਕੇ ਉਸ ਮਿਹਰਬਾਨ ਸਾਹਿਬ ਨੂੰ ਬੁਰਾ ਭਲਾ ਕਹਿ ਲੈਣ ਵਿਚ ਸੰਤੁਸ਼ਟੀ ਕਰ ਲੈਣ, ਪਰ ਉਹ ਇਹ ਭੁਲ ਜਾਂਦੇ ਹਨ ਕਿ ਪ੍ਰਮਾਤਮਾ ਮਦਦ ਆਪ ਕਰਦਾ ਹੈ। ਇਨਸਾਨ ਭੁਲ ਜਾਂਦਾ ਹੈ ਕਿ ਉਹ ਦਾਤਾਰ ਪਾਤਸ਼ਾਹ ਉਸੇ ਨੂੰ ਹੀ ਬੰਧਨ ਮੁਕਤੀ ਅਤੇ ਨਿਰਮਲਤਾ ਬਖਸ਼ਦਾ ਹੈ ਜਿਹੜੇ ਵਿਸ਼ੇ ਵਿਕਾਰਾਂ ਤੋਂ ਆਪਣੇ ਆਪ ਨੂੰ ਉਤਾਂਹ ਚੁਕਣ ਦਾ ਯਤਨ ਕਰਦਾ ਹੈ। 'ਸਤਿਗੁਰ ਸਿਖ ਕੇ ਬੰਧਨ ਕਾਟੈ' ਵਰਗੇ ਮਹਾਂਵਾਕ ਤਾਂ ਹੀ ਗੁਣਕਾਰੀ ਹਨ ਜੇ 'ਗੁਰ ਕਾ ਸਿਖ ਬਿਕਾਰ ਤੇ ਹਾਟੈ' ਵਾਲੀ ਪੰਗਤੀ ਨੂੰ ਹਿਰਦੇ ਵਿਚ ਵਸਾਇਆ ਜਾਵੇ ਅਤੇ ਵਿਕਾਰਾਂ ਤੋਂ ਹੱਟਣ ਦੇ ਉਦਮ ਵਲ ਕ੍ਰਿਆਸ਼ੀਲ ਕਦਮ ਪੁਟਿਆ ਜਾਵੇ।

ਉਸ ਸਰਬੱਤ ਪਾਲਕ ਦਾਤਾਰ ਪ੍ਰਭੂ ਦੀ ਮਿਹਰ ਪ੍ਰਾਪਤੀ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਜੀ ਦੁਆਰਾ ਮੂਲ ਮੰਤਰ ਵਿਚ ਪ੍ਰਮਾਤਮਾ ਦੀ ਉੱਕਰੀ ਤਸਵੀਰ ਨੂੰ ਹਿਰਦੇ ਵਿਚ ਵਸਾ ਕੇ ਉਸ ਪ੍ਰਭੂ ਨੂੰ ਖੁਸ਼ ਕਰਨ ਦੇ ਉਪਰਾਲੇ ਕੀਤੇ ਜਾਣ, ਤਾਂ ਹੀ ਸਾਡਾ ਜਨਮ ਸਕਾਰਥਾ ਹੈ। ਈਸਾ ਨੇ ਕਿਹਾ ਹੈ ਕਿ ਰੱਬ ਨੂੰ ਖ਼ੁਸ਼ ਕਰਨ ਲਈ ਗਰੀਬਾਂ ਦੀ, ਬੀਮਾਰਾਂ ਦੀ ਸੇਵਾ ਕਰੋ। ਪ੍ਰਮਾਤਮਾ ਦੇ ਗੁਣਾਂ ਵਿਚ ਗੁਰੂ ਸਾਹਿਬ ਨੇ ਜਿਥੇ ਇਹ ਦਸਿਆ ਹੈ ਕਿ ਉਹ ਸੱਚਾ ਦਾਤਾਰ ਘਟ ਘਟ ਵਿਚ ਜੁਗਾਂ ਜੁਗਾਂਤਰਾਂ ਤੋਂ ਵਸਣ ਵਾਲੀ ਸਾਰੀ ਕੁਦਰਤਦਾ ਕਰਤਾਅਪਣੇ ਆਪਤੋਂ ਪ੍ਰਕਾਸ਼ਮਾਨ ਸਤਿ ਸਰੂਪ ਬੇਜੋੜ ਹਸਤੀ ਹੈ, ਉਥੇ ਨਾਲ ਹੀ ਨਾਲ ਇਹ ਦਸਿਆ ਹੈ ਕਿ ਉਹ ਸਰਬ ਪ੍ਰਤਿਪਾਲਕ ਨਿਰਵੈਰ ਵੀ ਹੈ। ਉਸਦੇ ਸਾਜੇ ਹੋਏ ਕੁਦਰਤੀ ਪਦਾਰਥ ਆਪਣੇ ਛਾਂਦੇ ਵਰਤਾਉਣ ਲਗੇ ਕੋਈ ਉਚ ਨੀਚ ਨਹੀਂ ਵੇਖਦੇ। ਅਗਨੀ ਮਾੜੀ ਚੰਗੀ ਹਰ ਵਸਤੂ ਨੂੰ ਜਲਾ ਕੇ ਸ਼ੁਧ ਕਰ ਦਿੰਦੀ ਹੈ। ਪੌਣ


www.AKJ.Org

ਮਾੜੇ ਚੰਗੇ ਤੋਂ ਅਨਜਾਣ ਹਰ ਇਕ ਨੂੰ ਆਪਣੇ ਠੰਢੇ ਪਨ ਦਾ ਅਨੰਦ ਦਿੰਦੀ ਹੈ। ਕੀ ਕਦੀ ਬਦਲਾਂ ਨੇ ਇਹ ਸੋਚਿਆ ਹੈ ਕਿ ਅਮਕੀ ਬਸਤੀ ਨੀਂਵੀ ਜਾਤ ਵਾਲੇ ਗ਼ਰੀਬਾਂ ਦੀ ਹੈ, ਪਾਪੀਆਂ ਦੀ ਹੈ, ਇਸ ਅਸਥਾਨ ਤੇ ਨਹੀਂ ਵਰਸਣਾ!

ਜਦੋਂ ਪ੍ਰਭੂ ਅਤੇ ਉਸਦੀਆਂ ਬਰਕਤਾਂ ਅਜਿਹੀਆਂ ਨਿਰਵੈਰ ਹਨ ਤਾਂ ਕੀ ਅਸੀਂ ਉਸ ਦਾਤਾਰ ਪ੍ਰਭੂ ਨੂੰ ਸੁਆਰਥੀ ਬਣਕੇ, ਆਕੜ ਖਾਨ ਬਣਕੇ, ਊਚ ਨੀਚ ਦੇ ਭੇਤ ਮਨ ਵਿਚ ਵਸਾ ਕੇ ਖ਼ੁਸ਼ ਕਰ ਸਕਦੇ ਹਾਂ। ਦਰਅਸਲ ਜਦੋਂ ਅਸੀਂ ਈਰਖਾ, ਕ੍ਰੋਧ, ਮੋਹ, ਵੈਰ ਆਦਿਕ ਮਨੋਵਿਕਾਰਾਂ ਨੂੰ ਹਿਰਦੇ ਵਿਚ ਵਸਾਈ ਰਖ ਕੇ ਉਸ ਪ੍ਰਭੂ ਦੀ ਦਰਗਾਹ ਵਿਚ ਸਚਿਆਰੇ ਹੋਣ ਦਾ ਢੌਂਗ ਰਚਦੇ ਹਾਂ, ਪਾਠ ਕਰਦੇ ਹਾਂ, ਆਰਤੀਆਂ ਉਤਾਰਦੇ ਹਾਂ, ਗੁਰਪੁਰਬ ਮਨਾਉਂਦੇ ਹਾਂ ਤਾਂ ਅਜਿਹੀ ਹਾਲਤ ਵਿਚ ਜੇ ਸਾਨੂੰ ਪਾਖੰਡੀ ਵੀ ਕਹਿ ਦਿਤਾ ਜਾਏ ਤਾਂ ਕੀ ਹਰਜ ਹੈ? ਜੇ ਅਸੀਂ ਆਪਣੇ ਪਿਤਾ ਨੂੰ ਖ਼ੁਸ਼ ਵੇਖਣਾ ਚਾਹੁੰਦੇ ਹਾਂ ਤਾਂ ਜ਼ਰੂਰ ਹੀ ਸਾਨੂੰ ਪਿਤਾ ਦੇ ਹੋਰ ਪੁਤਰਾਂ ਅਰਥਾਤ ਆਪਣੇ ਭਰਾਵਾਂ, ਪਿਤਾ ਜੀ ਦੇ ਹੋਰ ਦੋਸਤਾਂ ਦਾ ਵੀ ਆਦਰ ਕਰਨਾ ਪਏਗਾ ਨਹੀਂ ਤਾਂ 'ਮਨ ਹੋਰ, ਮੁਖ ਹੋਰ' ਹੋ ਕੇ ਅਸੀਂ ਕਦੋਂ ਤਕ ਆਪਣਾ ਪਾਖੰਡ ਛਿਪਾ ਸਕਾਂਗੇ। ਇਸ ਲਈ ਜਦੋਂ ਤਕ ਅਸੀਂ ਨਿਰਵੈਰ ਨਹੀਂ ਹੁੰਦੇ, ਉਸ ਸਚੇ ਦਾਤਾਰ ਦੀ ਮਿਹਰ ਕਿਵੇਂ ਪ੍ਰਾਪਤ ਕਰ ਸਕਦੇ ਹਾਂ। ਭਾਈ ਗੁਰਦਾਸ ਜੀ ਫ਼ੁਰਮਾਂਦੇ ਹਨ—

ਪੂਛਤ ਪਥਿਕ ਤਿਹ ਮਾਰਗ ਨ ਧਰੈ ਪਗ,
ਪ੍ਰੀਤਮ ਕੇ ਦੇਸ ਕੈਸੇ ਬਾਤਨ ਸੋ ਜਾਈਏ।

ਨਿਰਵੈਰ ਹੋਣ ਲਈ, ਉਸਦੇ ਹਜ਼ੂਰ ਸਚਿਆਰਾ ਹੋਣ ਲਈ, ਉਸ ਸਚੇ ਦਾਤਾਰ ਦੀਆਂ ਖ਼ੁਸ਼ੀਆਂ ਦੇ ਫਲ ਸਰੂਪ ਦਾਤਾਂ ਦੇ ਖਜ਼ਾਨੇ ਪ੍ਰਾਪਤ ਕਰਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਰ੍ਹਾਂ ਸੱਚੇ ਸੌਦੇ ਕਰਨ ਵਿਚ ਸਾਨੂੰ ਫ਼ਖ਼ਰ ਮਹਿਸੂਸ ਕਰਨਾ ਪਏਗਾ। ਕੋਧਰੇ ਦੀ ਰੋਟੀ ਨੂੰ ਵਡਿਆ ਕੇ ਭਾਈ ਲਾਲੋ ਵਰਗੇ ਗਰੀਬ ਕਿਰਤੀਆਂ ਦੇ ਹੱਥਾਂ ਨੂੰ ਸਤਿਕਾਰ ਸਹਿਤ ਚੁੰਮਣਾ ਪਏਗਾ। ਖ਼ੁਦ ਕਰਮਹੀਨਤਾ ਛੱਡ ਕੇ ਕਈ ਸਜਣ ਠਗਾਂ ਨੂੰ ਨੇਕ ਕਮਾਈ ਕਰਨ ਵਾਸਤੇ ਤਿਆਰ ਹੋਣਾ ਪਏਗਾ। ਗੁਰੂ ਸਾਹਿਬਾਨਾਂ ਦੇ ਨਾਂ ਤੇ ਅਸੀਂ ਲੋਕਾਂ ਦੇ ਸਾਹਮਣੇ ਇਹ ਢੋਲ ਤਾਂ ਦਬਾ ਦਬ ਵਜਾਈ ਜਾ ਰਹੇ ਹਾਂ ਕਿ ਸਿੱਖੀ ਜੀਵਨ ਵਿਚ ਧਰਮ ਅਤੇ ਸਿਆਸਤ ਇਕੱਠੇ ਚਲਦੇ ਰਹੇ ਹਨ ਪਰ ਸਾਨੂੰ ਇਹ ਸੋਚਣਾ ਪਏਗਾ ਕਿ ਕੀ ਧਰਮ ਦੀ ਨੀਂਹ ਵਿਚ ਵੀ ਸਿਆਸਤ ਦੀਆਂ ਇੱਟਾਂ, ਬਜਰੀ, ਰੇਤ ਜ਼ਰੂਰੀ ਹਨ, ਕੀ ਅਸੀਂ ਸਿਆਸਤ ਨੂੰ ਧਰਮ ਤੇ ਹਾਵੀ ਹੁੰਦਿਆਂ ਵੇਖਣਾ ਠੀਕ ਮੰਨਦੇ ਹਾਂ ਜਾਂ ਧਰਮ ਦੇ ਅਸੂਲ ਸਿਆਸਤ ਦਾ ਮਾਰਗ ਦਰਸ਼ਨ ਕਰਾਉਂਦੇ ਸਾਨੂੰ ਚੰਗੇ ਪ੍ਰਤੀਤ ਹੋਣੇ ਚਾਹੀਦੇ ਹਨ।

ਇਹਨਾਂ ਸਾਰਿਆਂ ਗੁਣਾਂ ਦੋਸ਼ਾਂ ਦੀ ਸਹੀ ਪਛਾਣ ਲਈ ਸਾਨੂੰ ਅਭਿਮਾਨ ਦਾ ਤਿਆਗ ਅਤੇ ਆਪਣੇ ਸੁਆਰਥਾਂ ਵਿਚ ਕਮੀ ਕਰਨੀ ਪਏਗੀ। ਸਤਸੰਗਤ ਨੂੰ ਅਪਨਾਉਣਾ ਪਏਗਾ ਤਾਂ ਹੀ ਅਸੀਂ ਉਸ ਸਚੇ ਦਾਤਾਰ ਦੀਆਂ ਮਿਹਰਾਂ ਪ੍ਰਾਪਤ ਕਰ ਸਕਦੇ ਹਾਂ। ਬਾਬੇ ਦੀ ਬਾਣੀ ਦਾ ਕੀਰਤਨ ਮਨ ਨੂੰ ਨਰੋਆ ਕਰਨ ਵਿਚ ਸਭ ਤੋਂ ਵਧ ਸਹਾਇਕ ਹੈ। ਇਸੇ ਕੀਰਤਨ ਦੇ ਸਮੁੰਦਰ ਵਿਚ ਗੋਤੇ ਮਾਰ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਪ੍ਰਭੂ ਦੀਆਂ ਸਾਰੀਆਂ ਬਖ਼ਸ਼ਸ਼ਾਂ ਪ੍ਰਾਪਤ ਕੀਤੀਆਂ ਸਨ। ਬਾਬੇ ਨੇ ਸਾਰੀ ਉਮਰ ਦਸਾਂ ਨੌਹਾਂ ਦੀ ਕਿਰਤ ਕਰਨ ਵਿਚ ਵੀ ਕੋਈ ਕਸਰ ਨਹੀਂ ਛੱਡੀ। ਇਤਿਹਾਸ ਗਵਾਹ ਹੈ ਕਿ ਆਪਣੀ ਉਮਰ ਦੇ ਆਖ਼ਰੀ **15-20** ਸਾਲ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਖ਼ੁਦ ਆਪਣੇ ਹੱਥਾਂ ਨਾਲ ਵਾਹੀ ਦਾ ਕੰਮ ਕਰਦੇ ਰਹੇ ਹਨ। ਮੇਹਨਤ ਕਰਨ ਦਾ ਉਪਦੇਸ਼ ਦੇ ਕੇ ਉਹਨਾਂ ਲੋਕਾਂ ਨੂੰ ਦਸਿਆ ਹੈ ਕਿ—

ਸੈਲ ਪੱਥਰ ਮਹਿ ਜੰਤ ਉਪਾਏ
ਤਾਕਾ ਰਿਜਕ ਆਗੇ ਕਰ ਧਰਿਆ।

ਆਉ ਅਜ ਅਸੀਂ ਵੀ ਸਹੀ ਜੀਵਨ ਢੰਗ ਨੂੰ ਅਪਨਾਈਏ ਅਤੇ ਨਾਮ ਜਪਦਿਆਂ ਕਿਰਤ ਕਰਦਿਆਂ ਅਤੇ ਵੰਡ ਛਕਦਿਆਂ ਉਸ ਵਾਹਿਗੁਰੂ ਦੀਆਂ ਮੇਹਰਾਂ ਪ੍ਰਾਪਤ ਕਰੀਏ।

—o—


www.AKJ.Org

# ਸਾਧ ਸੰਗਤਿ

(ਵਲੋਂ :–ਪ੍ਰੋ: ਹਰਬੰਸ ਸਿੰਘ ਜੀ)

ਮਨੁਖ ਸਮਾਜੀ ਜੀਵ ਹੈ । ਜਿਵੇਂ ਖਰਬੂਜ਼ੇ ਨੂੰ ਦੇਖ ਕੇ ਖਰਬੂਜ਼ਾ ਰੰਗਤ ਫੜਦਾ ਹੈ ਤਿਵੇਂ ਹੀ ਸੰਗਤ ਨਾਲ ਰੰਗਤ ਚੜ੍ਹਦੀ ਹੈ । ਇਕ ਸਿਆਣੇ ਨੇ ਕਿਹਾ ਹੈ ਕਿਸੇ ਆਦਮੀ ਦੀ ਪਰਖ ਕਰਨ ਲਈ ਕਿ ਉਹ ਕਿਹੋ ਜਿਹਾ ਹੈ,ਇਹ ਵੇਖਣਾ ਚਾਹੀਦਾ ਹੈ ਕਿ ਉਹਦੀ ਸੰਗਤਿ ਅਥਵਾ ਬਹਿਣ ਉਠਣ ਕਿਸ ਨਾਲ ਹੈ ਅਤੇ ਉਹ ਕਿਹੋ ਜੇਹੀਆਂ ਪੁਸਤਕਾਂ ਪੜ੍ਹਦਾ ਹੈ। ਚੰਗੀ ਸੰਗਤ ਜੀਵ ਨੂੰ ਕੁੰਦਨ ਬਣਾ ਦਿੰਦੀ ਹੈ ਅਤੇ ਭੈੜੀ ਸੰਗਤ ਬੇੜਾ ਡੋਬ ਦਿੰਦੀ ਹੈ। ਜੇਹੋ ਜੇਹਾ ਸੰਗ ਤੇਹੋ ਜੇਹਾ ਰੰਗ । ਸ਼ਰਾਬੀਆਂ, ਕਬਾਬੀਆਂ, ਜੁਆਰੀਆਂ ਆਦਿ ਦੀ ਸੰਗਤ ਮਨੁਖ ਨੂੰ ਨਸ਼ਾ ਪੀਣਾ ਹੇਰਾ ਫ਼ੇਰੀ ਕਰਨੀ, ਝੂਠ ਬੋਲਣਾ, ਧਕਾ ਕਰਨਾ ਆਦਿ ਹੀ ਸਿਖਾਏਗੀ । ਅਜੇਹੀ ਸੰਗਤ ਨਾਲ ਮਨੁਖ ਤੇ ਭੈੜੇ ਅਸਰ ਹੀ ਪੈਂਦੇ ਹਨ । ਸੰਤਾਂ, ਸਾਧਾਂ ਗੁਰਮੁਖ ਗੁਰਸਿਖਾਂ ਦੀ ਸੰਗਤਿ ਸੱਚ ਦੇ ਰਾਹ ਚੱਲਣ ਲਈ ਪਰੇਰਨਾ ਦੇਵੇਗੀ ।

ਚੰਗੇ ਪੁਰਸ਼ਾਂ ਅਤੇ ਪੁਸਤਕਾਂ ਦਾ ਸੰਗ ਸਤਿ-ਸੰਗ ਕਿਹਾ ਜਾ ਸਕਦਾ ਹੈ । ਅਜਿਹਾ ਸੰਗ ਜਿਸ ਨਾਲ ਸਚਾਈ ਨੂੰ ਅਪਨਾਣ ਦੀ ਸੱਧਾ ਮਿਲੇ ਪਰ ਸਤਿ-ਸੰਗਤਿ ਉਹ ਹੈ ਜਿਥੇ ਸਤਿ ਹੀ ਸਤਿ ਹੋਵੇ ਜਿਵੇਂ ਕਿ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ :—

ਸਤਿ ਸੰਗਤਿ ਕੈਸੀ ਜਾਣੀਐ ।
ਜਿਥੈ ਏਕੋ ਨਾਮੁ ਵਖਾਣੀਐ ।

ਅਜੇਹੀ ਸੰਗਤਿ ਜਿਥੇ ਨਾਮ ਦੀ ਵਿਆਖਿਆ ਹੁੰਦੀ, ਨਾਮ ਅੰਮ੍ਰਿਤ ਹੈ ਅਤੇ ਅੰਮ੍ਰਿਤ ਸਤਿ ਹੈ, ਇਸ ਲਈ ਨਾਮ ਵਖਾਨਣ ਵਾਲੀ ਸੰਗਤਿ ਸਤਿਸੰਗਤਿ ਹੋਈ। ਅਜੇਹੀ ਸੰਗਤਿ ਸਤਿਗੁਰੂ ਦੀ ਸੰਗਤਿ ਹੀ ਹੋ ਸਕਦੀ ਹੈ ਕਿਉਂ ਜੋ ਨਾਮ ਦਾਤਾ ਸਤਿਗੁਰੂ ਹੀ ਹੈ । ਸਤਿਗੁਰੂ ਦੀ ਸਤਿਸੰਗਤਿ ਵਿਚ ਹੀ ਪ੍ਰਭੂ ਕਿਰਪਾਲੂ ਤਕ ਅਪੜਨ ਵਾਸਤੇ ਨਾਮ ਰੂਪੀ ਪੌੜੀ ਦਾ ਵਖਿਆਨ ਕੀਤਾ ਜਾਂਦਾ ਹੈ । ਗੁਰੂ ਰਾਮਦਾਸ ਜੀ ਸਤਿਗੁਰੂ ਦੀ ਸਤਸੰਗਤਿ ਵਾਸਤੇ ਆਪਣੀ ਲੋਚ ਇਉਂ ਦਰਸਾਉਂਦੇ ਹਨ:–

'ਸਤਿਸੰਗਤਿ ਊਤਮ ਸਤਿਗੁਰ ਕੇਰੀ,
ਗੁਨ ਗਾਵੈ ਹਰਿ ਪ੍ਰਭ ਕੇ ।
ਹਰਿ ਕਿਰਪਾ ਧਾਰਿ ਮੇਲਹੁ ਸਤਸੰਗਤਿ
ਹਮ ਧੋਵਹ ਪਗ ਜਨ ਕੇ ।'

ਸਤਿਗੁਰੂ ਦੀ ਸਤਸੰਗਤਿ ਸਾਧ-ਸੰਗਤਿ ਅਖਵਾਉਂਦੀ ਹੈ ਕਿਉਂ ਜੋ ਅਜੇਹੀ ਸੰਗਤ ਮਾਨ-ਸਰੋਵਰ ਹੈ ਜਿਥੇ ਗੁਰਮੁਖ ਹੰਸੁਲੇ ਆ ਵਸਦੇ ਹਨ ਅਤੇ ਅੰਮ੍ਰਿਤ ਸ਼ਬਦ ਰੂਪੀ ਮੋਤੀ ਖਾ ਖਾ ਤ੍ਰਿਪਤਦੇ ਹਨ । ਸਾਧ-ਸੰਗਤਿ ! ਸਾਧਾਂ ਦੀ ਸੰਗਤਿ, ਉਹਨਾਂ ਪ੍ਰਾਣੀਆਂ ਦੀ ਸੰਗਤਿ ਜਿਨ੍ਹਾਂ ਨੇ ਗੁਰੂਮਤਿ ਅਨੁਸਾਰ ਆਪਣੇ ਆਪ ਨੂੰ ਸਾਧਿਆ, ਆਪਣੇ ਮਨ ਨੂੰ ਵਸ ਵਿੱਚ ਕੀਤਾ ਹੈ; ਗੁਰਮੁਖ ! ਜਿਨ੍ਹਾਂ ਦਾ ਮੁਖ ਗੁਰੂ ਵਲ; ਜਿਨ੍ਹਾਂ ਨੇ ਆਪਣਾ ਤਨ ਅਤੇ ਮਨ ਗੁਰੂ ਨੂੰ ਅਰਪ ਦਿਤਾ, ਜਿਨ੍ਹਾਂ ਨੇ ਆਪਣਾ ਸੀਸ ਗੁਰੂ ਦੀ ਭੇਟ ਕਰ ਦਿਤਾ । ਧੰਨ ਭਾਈ ਦਇਆ ਸਿੰਘ ਜੀ ! ਸਚੇ ਸਾਧ, ਪਰਮ ਯੋਗੀ, ਗੁਰੂ ਕੇ ਪਿਆਰੇ, ਗੁਰਮੁਖ !



www.AKJ.Org

'ਸਤਸੰਗਤਿ ਉਤਮ ਸਤਿਗੁਰ ਕੇਰੀ ।' ਹਾਂ ਭਾਈ ਉਤਮ ! ਉਚ ਤੇ ਊਚੀ ! ਪਰਮ ਹੰਸਲਿਆਂ, ਸਾਧਾਂ, ਗੁਰਮੁਖਾਂ ਦੀ ਸੰਗਤਿ ! ਸਤਿਗੁਰੂ ਦੀ ਸੰਗਤ ਸਾਧ-ਸੰਗਤਿ ! ਸਾਧ-ਸੰਗਤਿ ਅਬਿਨਾਸੀ ਵਸੈ ! ਵਾਹਿਗੁਰੂ ਆਪ ਵਸੈ ! ਵਾਹਿਗੁਰੂ ਨਿਰੰਕਾਰ ਤਾਂ ਸਚ-ਖੰਡ ਵਸੈ ! 'ਸਚੁ ਖੰਡ ਵਸੈ ਨਿਰੰਕਾਰ ।'

ਸਾਧ-ਸੰਗਤਿ ਸਚ-ਖੰਡ ! ਸੋ-ਦਰ ! ਭਾਈ ਗੁਰਦਾਸ ਨੇ ਇਉਂ ਹੀ ਤੇ ਲਿਖਿਆ ਹੈ :–

ਸਾਧ ਸੰਗਤਿ ਸਚੁ-ਖੰਡ ਵਿਚਿ
ਸਤਿਗੁਰ ਪੁਰਖ ਵਸੈ ਨਿਰੰਕਾਰਾ ।

ਤਾਹੀਓਂ ਤੇ ਕਬੀਰ ਸਾਹਿਬ ਨੇ ਭੀ ਕਿਹਾ ਹੈ–

'ਸਾਧ-ਸੰਗਤਿ ਬੈਕੁੰਠੈ ਆਹਿ ।'

ਗੁਰੂ ਅਰਜਨ ਦੇਵ ਜੀ ਭੀ ਇਉਂ ਹੀ ਸਾਖੀ ਭਰਦੇ ਹਨ –

'ਸਾਧ-ਸੰਗਤਿ ਪ੍ਰਭਿ ਕੀਓ ਨਿਵਾਸ ।'

... ... ...

'ਸਾਧ ਸੰਗਤਿ ਮਹਿ ਬਸੈ ਗੁਪਾਲ ।'

ਉਹ ਧੰਨ ਹਨ ਜਿਨ੍ਹਾਂ ਨੂੰ ਸਾਧ-ਸੰਗਤਿ ਪ੍ਰਾਪਤ ਹੁੰਦੀ ਹੈ। ਉਹ ਵਡਭਾਗੇ ਹਨ; ਉਨ੍ਹਾਂ ਦੇ ਮੁਖ ਉਜਲ ਹਨ । ਉਹੀ ਸੋਹਣੇ ਲਗਦੇ ਹਨ । ਗੁਰੂ ਦੀ ਬਾਣੀ ਇਸ ਸਬੰਧੀ ਇਉਂ ਕਹਿੰਦੀ ਹੈ –

'ਸਾਧੂ ਸੰਗੁ ਜਿਨੀ ਪਾਇਆ ਸੇਈ ਵਡਭਾਗੇ।'

... ... ...

'ਸੇਈ ਸੁੰਦਰ ਸੋਹਣੇ ਸਾਧ ਸੰਗਿ ਜਿਨ ਬੈਹਣੇ'

ਪਰ ਸਾਧ-ਸੰਗਤਿ ਨਾਲ ਪਿਆਰ ਉਨ੍ਹਾਂ ਦਾ ਪੈਂਦਾ ਹੈ ਜਿਨ੍ਹਾਂ ਉਪਰ ਸਤਿਗੁਰੂ ਸਚੇ ਪਾਤਸ਼ਾਹ ਦੀ ਕਿਰਪਾ ਹੁੰਦੀ ਹੈ । ਗੁਰੂ ਅਰਜਨ ਦੇਵ ਜੀ ਇਉਂ ਹੀ ਕਹਿੰਦੇ ਹਨ –

'ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧ ਸੰਗਤਿ ਲਿਵ ਲਾਈ ।'

ਸਾਧ ਸੰਗਤਿ ਵਿਚ ਜਾਣਾ ਅਤੇ ਉਥੇ ਜਾਕੇ ਲਿਵ ਜੁੜਨੀ ਗੁਰੂ ਦੀ ਬਖਸ਼ਸ਼ ਦੁਆਰਾ ਹੀ ਆਇ ਬਣਦੀ ਹੈ। ਘੁਗੂਆਂ ਮਨ-ਮੁਖੀਆਂ ਨੂੰ ਤਾਂ ਰੌਲਾ ਹੀ ਭਾਸਦਾ ਹੈ । ਸਾਧ-ਸੰਗਤਿ ਵਡੇ ਭਾਗਾਂ ਨਾਲ ਹੀ ਮਿਲਦੀ ਹੈ । ਜਿਨ ਕੇ ਚਿਤ ਕਠੋਰ ਹੈ ਸੇ ਬਹਹਿ ਨ ਸਤਿਗੁਰ ਪਾਸ । ਉਨ੍ਹਾਂ ਦਾ ਮਨ ਉਥੇ ਟਿਕਦਾ ਹੀ ਨਹੀਂ । ਬਗਲਿਆਂ ਨੂੰ ਹੰਸਾਂ ਦੇ ਮਾਨ ਸਰੋਵਰ ਵਿਚੋਂ ਡੱਡਾਂ ਨਹੀਂ ਲਭਦੀਆਂ ਇਸ ਕਰਕੇ ਉਹ ਉਥੇ ਟਿਕ ਹੀ ਨਹੀਂ ਸਕਦੇ । ਸਚਿਆਰ ਸਿਖ ਹੀ ਸਤਿਗੁਰੂ ਪਾਸ ਬੈਠਦੇ ਹਨ । ਕੂੜਿਆਰਾਂ ਲਈ ਉਥੇ ਥਾਂ ਕਿਥੇ ! ਉਨ੍ਹਾਂ ਨੂੰ ਤੇ ਸਚੇ ਪਾਤਸ਼ਾਹ ਦੀ ਦਰਗਾਹੋਂ ਧਕੇ ਹੀ ਮਿਲਣੇ ਹੋਏ; ਉਨ੍ਹਾਂ ਦੇ ਕਰਮਾਂ ਦਾ ਫਲ !

ਸਾਧ-ਸੰਗਤਿ ! ਵਾਹ ਵਾਹ ! ਸਾਧਾਂ ਦੀ ਸੰਗਤਿ ! ਗੁਰੂ ਦੁਲਾਰਿਆਂ ਦੀ ਸੰਗਤਿ ! ਸਾਧ ਜਨਾਂ ਕੀ ਅਚਰਜ ਕਥਾ !

... ... ...

ਸਾਧ ਕੀ ਉਪਮਾ ਰਹੀ ਭਰਪੂਰਿ ।

... ... ... ...

ਸਾਧ ਕੀ ਸੋਭਾ ਕਾ ਨਾਹੀ ਅੰਤ ।
ਸਾਧ ਕੀ ਸੋਭਾ ਸਦਾ ਬੇਅੰਤ ।
ਸਾਧ ਕੀ ਸੋਭਾ ਉਚ ਤੇ ਊਚੀ ।
ਸਾਧ ਕੀ ਸੋਭਾ ਮੂਚ ਤੇ ਮੂਚੀ ।

ਵਾਹ ਭਾਈ ਵਾਹ ! ਐਰੇ ਗੈਰੇ ਸਾਧ ਦੀ ਸੋਭਾ ਕੀ ਵਰਨਣ ਕਰ ਸਕਦੇ ਹਨ, ਇਹ ਤਾਂ ਸਾਧੂਆਂ ਨੂੰ ਨੂੰ ਹੀ ਬਣ ਆਉਂਦੀ ਹੈ—

ਸਾਧ ਕੀ ਸੋਭਾ ਸਾਧ ਬਨਿ ਆਈ ।
ਨਾਨਕ ਸਾਧ ਪ੍ਰਭ ਭੇਦੁ ਨ ਭਾਈ ।

ਹੇ ਭਾਈ ! ਸਾਧੂ ਵਿਚ ਫਰਕ ਨਹੀਂ ਹੈ । ਸਾਧਾਂ ਦੀ ਸੰਗਤਿ ! ਸਤਿਗੁਰੂ ਦੀ ਸਤਿ ਸੰਗਤਿ । ਲੋਹਾ ਪਾਰਸ ਸੰਗ ਭੇਟਿਐ ਸੋਨਾ ਹੋ ਉਤਰਿਆ । ਸਤਿਗੁਰ ਪਾਰਸ ! ਹਮ ਲੋਸਟ ! ਲੋਸਟ ਪਾਰਸ ਮਿਲਿ ਕੰਚਨ ਭਏ । ਸਤਿਗੁਰ ਸਤਿ ਸੰਗਤਿ ਮਿਲ ਹਮ ਕੰਚਨ ਭਏ ! ਭਾਈ ਕੰਚਨ ਭਏ ! ਕੁੰਦਨ ਹੋ ਨਿਕਲੇ । ਹਮ ਮੈਲ ਭਰੇ ! ਸਤਿਗੁਰ ਸਤ ਸੰਗਤਿ ਮਿਲਿ ਨਿਰਮਲ ਹੋ ਗਏ, ਸਾਧਾਂ ਦੀ ਧੂੜੀ ਨ੍ਹਾਤੇ ਭਏ । ਸਭ ਮੈਲ ਨਿਕਲ ਗਈ । ਪੰਜੇ ਚੋਰ–ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਦੁੰਮ ਦਬਾਕੇ ਭੱਜ ਗਏ । ਗੁਰੂ ਨੇ ਗਿਆਨ ਦਾ ਸੁਰਮਾ ਪਾ ਦਿਤਾ । ਅਗਿਆਨਤਾ ਦਾ


www.AKJ.Org

ਹਨੇਰਾ ਦੂਰ ਹੋ ਗਿਆ। ਕਪਾਟ ਖੁਲ ਗਏ। ਮਨ ਦੀ ਮਤ ਤਿਆਗੀ ਗਈ। ਗੁਰੂ ਦੀ ਮਤ ਗਰਿਹਣ ਹੋ ਗਈ। ਮੁਖ ਉਜਲਾ ਹੋ ਗਿਆ। ਦੁਸ਼ਮਨ ਮਿਤਰ ਦਾ ਫਰਕ ਮਿਟ ਗਿਆ। ਮੋਹ ਮਾਇਆ ਦੀਆਂ ਤੰਦਾਂ ਟੁਟ ਗਈਆਂ। ਪੰਛੀ ਅਜ਼ਾਦ ਹੋ ਗਿਆ। ਜੀਵਨ ਸੁਖੱਲਾ ਹੋ ਗਿਆ। ਗੁਰੂ ਦੀ ਮਤ ਨੇ ਗਾਡੀ ਰਾਹ ਤੇ ਪਾ ਦਿਤਾ। ਮਨ ਦਾ ਨੱਠਨਾ ਭੱਜਣਾ ਖਲੋ ਗਿਆ। ਮੰਦੀਆਂ ਚਿਤਵਨੀਆਂ ਬੰਦ ਹੋ ਗਈਆਂ। ਭਟਕਣਾ ਦੂਰ ਹੋ ਗਈ। ਸਤਿ ਦਾ ਪੱਲਾ ਫੜ ਲਿਆ ਅਤੇ ਸਤਿ ਦੇ ਮਾਰਗ ਤੁਰ ਪਏ। ਹਲਤ ਪਲਤ ਸਵਾਰਿਆ ਗਿਆ। ਆਪ ਤਰਿਆ ਆਪਣੇ ਪਰਵਾਰ ਅਤੇ ਭਾਈ ਬੰਦ ਵੀ ਤਾਰ ਲਏ। ਉਸ ਦੇ ਪਿਛੇ ਹੋਰ ਪਾਪੀਆਂ ਦਾ ਭੀ ਪਾਰ ਉਤਾਰਾ ਹੋ ਗਿਆ। ਵਾਹ ਭਾਈ ਵਾਹ! ਇਹ ਸਭ ਕੁਝ ਕਿਸ ਦੇ ਤੁਫੈਲ ? ਸਾਧਾਂ ਦੀ ਸੰਗਤਿ ਦੇ !

ਸਾਧ ਸੰਗਤਿ ਕੈ ਬਾਸਬੈ ਕਲਮਲ ਸਭਿ ਨਸਨਾ।

... ... ... ...

ਬਿਸਰਿ ਗਈ ਸਭ ਤਾਤਿ ਪਰਾਈ।
ਜਬ ਤੇ ਸਾਧ ਸੰਗਤਿ ਮੋਹਿ ਪਾਈ।

... ... ... ...

ਸਾਧ ਸੰਗਤਿ ਊਂਧ ਕਮਲ ਬਿਗਾਸੁ।

... ... ... ...

'ਸਾਧ ਸੰਗਤਿ ਪਾਈ ਪਰਮਗਤੇ।'

ਜਿਸ ਦੇ ਕਰਮ ਖੁਲ੍ਹਦੇ ਹਨ ਉਸ ਨੂੰ ਸਾਧ-ਸੰਗਤਿ ਵਿਚ ਅਕਾਲ ਪੁਰਖ ਦੇ ਪ੍ਰਤੱਖ ਦਰਸ਼ਨ ਦੀਦਾਰੇ ਹੁੰਦੇ ਹਨ —

'ਸਾਧ-ਸੰਗਤਿ ਹਰਿ ਮਿਲੈ ਜਿਸਹਿ ਪੂਰਨ ਕਰਮ।'

ਸਾਧ-ਸੰਗਤਿ ਤੋਂ ਬਿਨਾ ਹੋਰ ਸੰਸਾਰ ਸਭ ਮਾਇਆ ਦਾ ਪਸਾਰਾ ਹੈ —

'ਬਿਨਵੰਤ ਨਾਨਕ ਬਿਨੁ ਸਾਧ ਸੰਗਮ
ਸਭ ਮਿਥਿਆ ਸੰਸਾਰੀ।'

ਜਿਹੜੇ ਸਾਧ-ਸੰਗਤ ਵਿਚ ਜਾਕੇ ਬਹਿੰਦੇ ਹਨ ਉਨ੍ਹਾਂ ਦੇ ਕਲ, ਕਲੇਸ਼, ਦੁਖ ਨਾਸ਼ ਹੋ ਜਾਂਦੇ ਹਨ ਅਤੇ ਉਹ ਸਤਿਕਾਰੇ ਜਾਂਦੇ ਹਨ —

'ਸਾਧ ਸੰਗਮਿ ਹਰਿ ਅਰਾਧੇ
ਸਗਲ ਕਲਮਲ ਦੁਖ ਜਲੇ।'

... ... ...

'ਬਿਨਵੰਤ ਨਾਨਕ ਜਿਨ ਸਾਧ ਸੰਗਮੁ
ਸੇ ਪਤਿ ਸੇਤੀ ਘਰਿ ਜਾਹੀ।'

ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ—

'ਹਰਿ ਚਰਣ ਸਰੋਵਰ, ਤਹ ਕਰਹੁ ਨਿਵਾਸੁ ਮਨਾ।
ਕਰਿ ਮਜਨੁ ਹਰਿ ਸਰੇ, ਸਭਿ ਕਿਲਬਿਖ ਨਾਸ ਮਨਾ
ਕਰਿ ਸਦਾ ਮਜਨੁ ਗੋਬਿੰਦ ਸਜਨੁ ਦੁਖ ਅੰਧੇਰਾ ਨਾਸੇ
ਜਨਮ ਮਰਣੁ ਨ ਹੋਇ ਤਿਸ ਕਉ ਕਾਟੈ ਜਮ ਕੇ ਫਾਸੇ
ਮਿਲੁ ਸਾਧ ਸੰਗੇ ਨਾਮ ਰੰਗੇ ਤਹਾ ਪੂਰਨ ਆਸੋ।'

ਜਿਥੇ ਗੋਬਿੰਦ ਜੀ ਦੇ ਚਰਨ ਵਸਦੇ ਹਨ ਉਹ ਚਰਨ ਸਰੋਵਰ ਹੈ ਅਤੇ ਇਹ ਸਾਧ-ਸੰਗਤਿ ਹੈ।

ਸਾਧ-ਸੰਗਤਿ ਹਰੀ ਦਾ ਸਰੋਵਰ ਹੈ। ਗੁਰੂ ਅਰਜਨ ਦੇਵ ਜੀ ਨੇ ਤਾਕੀਦ ਕੀਤੀ ਹੈ ਕਿ ਚਰਨ ਸਰੋਵਰ ਵਿਚ ਨਿਵਾਸ ਕਰੋ। ਹਰੀ ਸਰੋਵਰ ਵਿਚ ਇਸ਼ਨਾਨ ਕਰਨ ਨਾਲ ਸਾਰੇ ਕਿਲਬਿਖ ਨਾਸ਼ ਹੋ ਜਾਵਣਗੇ, ਦੁਖ ਅੰਧੇਰਾ ਦੂਰ ਹੋ ਜਾਵੇਗਾ। ਇਸ ਦਾ ਜਨਮ ਮਰਨ ਮੁਕ ਜਾਏਗਾ ਅਤੇ ਜਮਾਂ ਦੀ ਫਾਂਸੀ ਕਟੀ ਜਾਏਗੀ। ਸਾਧ-ਸੰਗਤਿ ਵਿਚ ਮਿਲ ਕੇ ਬਹਿਣ ਨਾਲ ਨਾਮ ਦਾ ਰੰਗ ਚੜ੍ਹ ਜਾਏਗਾ ਅਤੇ ਉਥੇ ਆਸਾਂ ਪੂਰੀਆਂ ਹੋ ਜਾਣਗੀਆਂ। ਸਾਧ-ਸੰਗਤਿ ਵਿਚ ਫਿਰ ਕੇਹੋ ਜਿਹਾ ਰੰਗ ਬਝੇਗਾ ? ਉਹ ਇਉਂ ਦਰਸਾਇਆ ਗਿਆ ਹੈ –

ਤਹ ਅਨਦ ਬਿਨੋਦ ਸਦਾ
ਅਨਹਦ ਝੁਣਕਾਰੋ ਰਾਮ।
ਮਿਲਿ ਗਾਵਹਿ ਸੰਤ ਜਨਾ
ਪ੍ਰਭ ਕਾ ਜੈਕਾਰੋ ਰਾਮ।
ਮਿਲਿ ਸੰਤ ਗਾਵਹਿ ਖਸਮ ਭਾਵਹਿ
ਹਰਿ ਪ੍ਰੇਮ ਰਸ ਰੰਗ ਭਿੰਨੀਆ।
ਹਰਿ ਲਾਭੁ ਪਾਇਆ ਆਪੁ ਮਿਟਾਇਆ
ਮਿਲੇ ਚਿਰੀ ਵਿਛੁੰਨਿਆ।
ਗਹਿ ਭੁਜਾ ਲੀਨੇ ਦਇਆ ਕੀਨੇ
ਪ੍ਰਭ ਏਕ ਅਗਮ ਅਪਾਰੋ। *


www.AKJ.Org

# ਵਿਸ਼ਵ-ਸ਼ਾਂਤੀ

(ਵਲੋ :–ਪ੍ਰੋ: ਗੁਰਮੁਖ ਸਿੰਘ ਜੀ, ਟਾਂਡਾ)

ਗੁਰਬਾਣੀ ਵਿਚ "ਏਕ ਪਿਤਾ ਏਕਸ ਕੇ ਹਮ ਬਾਰਕ" ਦਾ ਸਿਧਾਂਤ ਨਿਰੂਪਣ ਕੀਤਾ ਗਿਆ ਹੈ। ਏਸ ਸਿਧਾਂਤ ਦੇ ਦੋ ਪਖ ਹਨ। ਪਹਿਲੀ ਗਲ ਤਾਂ ਇਹ ਕਿ ਵਾਹਿਗੁਰੂ ਇਕ ਹੈ। ਉਸ ਦਾ ਕੋਈ ਹੋਰ ਸ਼ਰੀਕ ਨਹੀਂ। ਉਹ ਹੀ ਸਾਰੇ ਜਗਤ ਦਾ ਰਚਨਹਾਰ ਹੋਣ ਕਰਕੇ ਪਿਤਾ ਹੈ। ਗੁਰੂ ਜੀ ਨੇ ਅਨੇਕਾਂ ਵਾਰੀ ਵਾਹਿਗੁਰੂ ਜੀ ਨੂੰ ਪਿਤਾ ਪ੍ਰਭੂ ਕਹਿ ਕੇ ਸਮਬੋਧਨ ਕੀਤਾ ਹੈ।

ਦੁਨੀਆਂ ਦੇ ਕਈ ਮਤ ਤਾਂ ਰਬ ਦੀ ਹਸਤੀ ਤੋਂ ਉਕਾ ਹੀ ਮੁਨਕਰ ਹਨ। ਪਿਤਾ ਪਰਮਾਤਮਾਂ ਦੀ ਹੋਂਦ ਤੋਂ ਆਕੀ ਹਨ। ਕਿਸੇ ਮਤ ਵਿਚ ਰਬ ਨੂੰ ਯਾਰ ਜਾਂ ਮਿਤ੍ਰ ਹੀ ਮੰਨਿਆ ਜਾਂਦਾ ਹੈ। ਪਰ ਗੁਰਮਤਿ ਵਿਚ ਸਤਿਗੁਰਾਂ ਨੇ ਅਕਾਲ ਪੁਰਖ ਨੂੰ ਬਹੁਤ ਕਰਕੇ ਪਿਤਾ ਆਖਿਆ ਹੈ।

ਸਤਿਗੁਰਾਂ ਦੇ ਉਪਰੋਕਤ ਫੁਰਮਾਨ ਵਿਚ ਦੂਜਾ ਪਖ ਇਹ ਹੈ ਕਿ ਅਸੀਂ ਸਾਰੇ ਉਸ ਪਿਤਾ ਪ੍ਰਮਾਤਮਾਂ ਦੇ ਬਚੇ ਹਾਂ। ਇਸ ਲਈ ਆਪੋ ਵਿਚ ਭਾਈ ਹਾਂ। ਅਜ ਦੀ ਦੁਨੀਆਂ ਆਪਣੀ ਦਿਮਾਗੀ ਸਿਆਣਪ ਕਰਕੇ ਇਹ ਸੁਝਾ ਦੇ ਰਹੀ ਹੈ ਕਿ ਅਸੀਂ ਸਾਰੇ ਭਰਾ ਭਰਾ ਹਾਂ। ਵਿਸ਼ਵ ਭਰਾਤਰੀ ਭਾਵ ਵਲ ਤੇਜ਼ੀ ਨਾਲ ਕਦਮ ਚੁਕੇ ਜਾ ਰਹੇ ਹਨ। ਆਖਿਆ ਇਹ ਜਾਂਦਾ ਹੈ ਕਿ ਅਸੀਂ ਸਾਇੰਸ ਦੀਆਂ ਅਦੁਤੀ ਕਾਢਾਂ ਕਰਕੇ ਇਕ ਦੂਜੇ ਦੇ ਬਹੁਤ ਹੀ ਨੇੜੇ ਆ ਗਏ ਹਾਂ। ਰੇਡੀਓ, ਟੈਲੀਵੀਜ਼ਨ, ਟੈਲੀਫੋਨ, ਹਵਾਈ ਸੇਵਾ ਇਹ ਅਜੇਹੇ ਸਾਧਨ ਹਨ, ਜਿਨ੍ਹਾਂ ਨਾਲ ਮਨੁਖ ਆਪਣੇ ਆਪ ਨੂੰ ਬਹੁਤ ਹੀ ਨੇੜੇ ਨੇੜੇ ਸਮਝਣ ਲਗ ਪਿਆ ਹੈ। ਪਰ ਅਸਲੀਅਤ ਇਹ ਹੈ ਕਿ ਬਹੁਤਾ ਨੇੜੇ ਨੇੜੇ ਹੋ ਜਾਣ ਕਰਕੇ ਆਪਸੀ ਰਗੜਾਂ ਭੀ ਵਧ ਗਈਆਂ ਹਨ। ਕਿਡੀ ਹੈਰਾਨੀ ਦੀ ਗਲ ਹੈ ਕਿ ਜਦੋਂ ਅਸੀਂ ਇਹਨਾਂ ਨਵੀਨ ਕਾਢਾਂ ਤੋਂ ਰਹਿਤ ਸਾਂ, ਵਿਸ਼ਵ ਵਿਚ ਕਾਫੀ ਸ਼ਾਤੀ ਸੀ, ਪਰ ਜਦੋਂ ਭਰਾ ਭਰਾ ਨੇੜੇ ਹੋ ਗਏ ਤਾਂ ਅਧੀ-ਸ਼ਤਾਬਦੀ ਦੇ ਅੰਦਰ ਅੰਦਰ ਦੋ ਮਹਾਂਯੁਧ ਲੜ ਕੇ ਲਖਾਂ ਜਾਨਾਂ ਵਾਰੀਆਂ, ਪਰ ਅਜੇ ਵੀ ਭਰਾਤਰੀ-ਭਾਵ ਦੇ ਨੇੜੇ ਨਹੀਂ ਢੁਕੇ।

ਕਈ ਵਾਰੀ ਸੋਚੀਦਾ ਹੈ ਕਿ ਇਸਦਾ ਕਾਰਨ ਕੀ ਹੈ। ਸਤਿਗੁਰ ਜੀ ਦੇ ਉਪ੍ਰੋਕਤ ਸਿਧਾਂਤ ਵਿਚ ਦੋ ਸ਼ਰਤਾਂ ਰਖੀਆਂ ਗਈਆਂ ਹਨ, ਜੋ ਵਿਸ਼ਵ ਸ਼ਾਂਤੀ ਲਈ

---

* ਬਿਨਵੰਤਿ ਨਾਨਕ ਸਦਾ ਨਿਰਮਲ
ਸਚੁ ਸਬਦੁ ਰੁਣ ਝੁਣਕਾਰੋ।
(ਬਿਹਾਗੜਾ ਮ. ੫)

ਸਾਧ-ਸੰਗਤਿ ਵਿਚ ਅਨੰਦੋ ਅਨੰਦ ਵਰਤਦਾ ਹੈ। ਅਕਾਲ ਪੁਰਖ ਦੀ ਜੈ-ਜੈ-ਕਾਰ ਹੁੰਦੀ ਹੈ। ਉਸ ਦੀ ਕੀਰਤੀ ਗਾਈ ਜਾਂਦੀ ਹੈ। ਸੰਤ-ਜਨ ਗੁਰਮੁਖ ਪਿਆਰੇ ਹਰਿ-ਜਸ ਦੀਆਂ ਘੁਮਰਾਂ ਪਾਉਂਦੇ ਹਨ। ਪ੍ਰੇਮ-ਰਸ ਵਿਚ ਮਤੇ ਸੰਤ-ਜਨ ਖਸਮ ਪ੍ਰਭੂ ਨੂੰ ਭਾਂਵਦੇ ਹਨ। ਚਿਰੀ ਵਿਛੁੰਨਿਆਂ ਨੂੰ ਪ੍ਰਭੂ ਕਿਰਪਾਲੂ ਅਪਣੇ ਗਲੇ ਲਾਉਂਦਾ ਹੈ। ਇਹੋ ਹੀ ਕਾਰਨ ਹੈ ਕਿ –

ਸਾਧ ਸੰਗਤਿ ਅਸਥਾਨ
ਜਗ ਮਗ ਨੂਰ ਹੈ।



www.AKJ.Org

ਬਹੁਤ ਜ਼ਰੂਰੀ ਹਨ । ਜੇ ਅਸੀਂ ਵਿਸ਼ਵ-ਸ਼ਾਂਤੀ ਲਈ ਜਤਨ ਕਰਨੇ ਹਨ ਤਾਂ ਗੁਰਮਤਿ ਤੋਂ ਰੋਸ਼ਨੀਲਈਏ।

ਅਜ ਦਾ ਮਨੁਖ ਵਾਹਿਗੁਰੂ ਜੀ ਨੂੰ ਪਿਤਾ ਤਾਂ ਕੀ ਮੰਨਣਾ ਸੀ, ਉਸਦੀ ਹਸਤੀ ਤੋਂ ਭੀ ਮੁਨਕਰ ਹੈ। ਜੇ ਸਾਡਾ ਪਿਤਾ ਹੀ ਇਕ ਨਹੀਂ ਤਾਂ ਅਸੀਂ ਭਰਾ ਭਰਾ ਕਿਵੇਂ ਬਣ ਸਕਦੇ ਹਾਂ । ਭਰਾ ਭਰਾ ਬਣਨ ਦੀ ਸ਼ਰਤ ਹੀ ਇਹੋ ਹੈ ਕਿ ਅਸੀਂ ਸਭਨਾਂ ਵਿਚ ਉਸ ਵਾਹਿਗੁਰੂ ਜੀ ਦੀ ਅੰਸ ਦੇ ਦਰਸ਼ਨ ਕਰੀਏ। 'ਹਰਿ ਜੀ ਮਾਤਾ, ਹਰਿ ਜੀ ਪਿਤਾ, ਹਰਿ ਜੀਉ ਪ੍ਰਤਿਪਾਲਕ' ਦੇ ਸਰੂਪ ਵਿਚ ਸਾਖਿਆਤ ਮੰਨੀਏ, ਨਹੀਂ ਨਹੀਂ ਸਾਖਿਆਤ ਪੇਖੀਏ' ਫਿਰ ਸਾਨੂੰ ਸਾਰੇ ਹੀ ਆਪਣੇ ਲਗਣਗੇ। 'ਨਾ ਕੋ ਬੈਰੀ, ਨਾਹਿ ਬਿਗਾਨਾ' ਰਹਿ ਜਾਇਗਾ ਅਤੇ ਸਭਨਾ ਨਾਲ ਬਣ ਆਵੇਗੀ। ਸਾਇੰਸ ਨੇ ਸਾਡੇ ਦਿਮਾਗ਼ ਨੂੰ ਇਸ ਕਦਰ ਖ਼ੁਸ਼ਕੀ ਬਣਾ ਦਿਤਾ ਹੈ ਜਿਵੇਂ ਮੈਸਮਿਰੇਜ਼ਮ ਵਾਲੇ ਬਾਲਕੇ ਦਾ ਹਾਲ ਹੁੰਦਾ ਹੈ। ਜਿਵੇਂ ਸਾਇੰਸ ਕਹਿੰਦੀ ਹੈ ਅਸੀਂ ਭੀ ਉਵੇਂ ਕਹੀ ਜਾਂਦੇ ਹਾਂ। ਸਾਇੰਸ ਪਰਮ ਪਿਤਾ-ਪਰਮਾਤਮਾਂ ਨੂੰ ਕੇਵਲ ਸਤੁਲਨ-ਸ਼ਕਤੀ ਮੰਨਦੀ ਹੈ। ਜਿਸ ਵਿਚ ਪਿਤਾ ਵਾਲਾ ਸਨੇਹ ਜਾਂ ਪਰੇਮ ਕਦਾਚਿਤ ਨਹੀਂ ਆ ਸਕਦਾ। ਕੇਵਲ ਇਕ ਕਿਸਮ ਦੀ ਮਿਕਨਾਤੀਸੀ ਸ਼ਕਤੀ ਦੀ ਕਲਪਨਾ ਹੀ ਅਜੋਕੇ ਮਨੁਖ ਸਾਂਵ ਰਖੀ ਹੈ। ਅਸੀਂ ਲੋੜਦੇ ਹਾਂ ਵਿਸ਼ਵ-ਸ਼ਾਂਤੀ, ਚਾਹੁੰਦੇ ਹਾਂ ਕਿ ਅਸੀਂ ਇਕ ਦੂਜੇ ਦੇ ਨੇੜੇ ਨੇੜੇ ਹੋਵੀਏ ਤੇ ਭਟਾਵਾਂ ਵਾਂਗ ਰਹੀਏ। ਪਰ ਪਿਤਾ ਦਾ ਪਤਾ ਹੀ ਨਹੀਂ। ਅਮਰੀਕਾ ਅਤੇ ਹੋਰ ਭੀ ਪਛਮੀਂ ਦੇਸ਼ਾਂ ਵਿਚ ਦੁਰਾਚਾਰ ਕਾਰਨ, ਇਹੋ ਜਿਹੀ ਪ੍ਰੀੜੀ ਨੇ ਜਨਮ ਲਿਆ ਹੈ ਜਿਸ ਨੂੰ ਆਪਣੇ ਪਿਤਾ ਦਾ ਪਤਾ ਤਕ ਨਹੀਂ। ਉਹਨਾਂ ਦੀ ਮਾਨਸਕ ਹਾਲਤ ਅਧੇ-ਪਾਗਲਾਂ ਵਰਗੀ ਰਹਿੰਦੀ ਹੈ। ਅਸੀਂ ਭੀ, ਜੇ ਪ੍ਰਭੂ ਪਰਮਾਤਮਾਂ ਨੂੰ ਪਿਤਾ ਕਰਕੇ ਨਹੀਂ ਮੰਨਦੇ ਉਹਨਾਂ ਹੀ ਨੀਮ-ਪਾਗਲਾਂ ਵਾਂਗ ਰਹਿੰਦੇ ਹਾਂ। ਚਾਹੁੰਦੇ ਹਾਂ ਕਿ ਅਮਨ ਕਾਇਮ ਹੋਵੇ, ਪਰ ਸਾਡੇ ਜਤਨ ਹਉਮੈਂ ਤੇ ਅਧਾਰਿਤ ਹਨ।

ਇਸ ਲਈ ਵਿਸ਼ਵ-ਸ਼ਾਂਤੀ ਦੀ ਸਥਾਪਨਾ ਲਈ ਅਸੀਂ ਸਤਿਗੁਰ ਜੀ ਦੀ ਸਰਣ ਜਾਈਐ ਅਤੇ ਉਹਨਾਂ ਦੇ ਉਪਦੇਸ਼ਾਂ ਦਾ ਆਸਰਾ ਲੈ ਕੇ ਇਸ ਮਹਾਨ ਕਾਰਜ ਨੂੰ ਅਰੰਭੀਏ।

—o—

# ਭਾਈ ਸ਼ਾਮ ਸਿੰਘ ਜੀ ਦੀ ਯਾਦ ਵਿਚ

ਭਾਈ ਸ਼ਾਮ ਸਿੰਘ ਜੀ ਖੰਨਾ, ਜੋ ਪਿਛਲੇ ਮਹੀਨੇ 25 ਜਨਵਰੀ ਨੂੰ ਗੁਰਪੁਰੀ ਸਿਧਾਰ ਗਏ ਸਨ, ਉਹਨਾਂ ਦੇ ਪ੍ਰਵਾਰ ਵਲੋਂ ਉਹਨਾਂ ਦੇ ਨਮਿਤ ਰਖੇ ਸ੍ਰੀ ਅਖੰਡ ਪਾਠ ਦਾ ਭੋਗ 8 ਫਰਵਰੀ ਨੂੰ ਚੰਡੀਗੜ੍ਹ ਵਿਖੇ ਸਵੇਰੇ 5 ਵਜੇ ਪਿਆ, ਉਪਰੰਤ ਸ੍ਰੀ ਆਸਾ ਜੀ ਦੀ ਵਾਰ ਦੇ ਅਖੰਡ ਕੀਰਤਨ ਹੋਏ, ਇਸ ਮੌਕੇ ਤੇ ਸਾਰੇ ਪੰਜਾਬ ਭਰ ਵਿਚੋਂ, ਦਿਲੀ ਮੇਰਠ ਆਦਿ ਤੋਂ ਬਹੁਤ ਸਾਰੇ ਗੁਰਮੁਖ ਪਿਆਰੇ ਪੁਜੇ ਹੋਏ ਸਨ। ਕੀਰਤਨ ਤੋਂ ਉਪਰੰਤ ਸਹਿਜ ਪਾਠ ਦਾ ਭੋਗ ਪਾਇਆ ਗਿਆ। ਬਾਬੂ ਮੱਲ ਸਿੰਘ ਜੀ ਨੇ ਵੈਰਾਗ-ਮਈ ਅਰਦਾਸ ਕੀਤੀ, ਹੁਕਮਨਾਮੇ ਤੋਂ ਪਿਛੋਂ ਬਾਬੂ ਮਲ ਸਿੰਘ ਜੀ ਨੇ ਉਸ ਪਿਆਰੇ ਨੂੰ ਸ਼ਰਧਾਂਜਲੀ ਭੇਟ ਕੀਤੀ, ਅਤੇ ਇਕ ਸਿਰੋਪਾਉ ਭਾਈ ਸ਼ਾਮ ਸਿੰਘ ਜੀ ਦੇ ਵਡੇ ਲੜਕੇ ਨੂੰ ਦਿਤਾ। ਉਸ ਤੋਂ ਬਾਦ ਅਖੰਡ ਕੀਰਤਨੀ ਜਥਾ ਚੰਡੀਗੜ੍ਹ, ਲੁਧਆਣਾ ਨੇ ਵੀ ਸਿਰੋਪਾਉ ਭੇਟ ਕੀਤੇ।

ਇਸ ਸਮਾਗਮ ਤੇ ਭਾਈ ਸ਼ਾਮ ਸਿੰਘ ਜੀ ਦੇ ਪ੍ਰਵਾਰ ਵਲੋਂ ੧੧੦੦) ਰੁਪੈ ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਦੀਆਂ ਪੁਸਤਕਾਂ ਦੀ ਛਪਾਈ ਵਾਸਤੇ ਤੇ ੧੦੦) ਰੁਪੈ 'ਸੂਰਾ' ਨੂੰ ਦਿਤੇ ਗਏ। ਅਸੀਂ ਵਾਹਿਗੁਰੂ ਦੇ ਚਰਨਾਂ ਵਿਚ ਜੋਦੜੀ ਕਰਦੇ ਹਾਂ ਕਿ ਭਾਈ ਸਾਹਿਬ ਦੀ ਆਤਮਾਂ ਨੂੰ ਆਪਣੇ ਚਰਨਾਂ ਨਾਲ ਜੋੜੀ ਰਖੇ ਅਤੇ ਪਿਛਲੇ ਪ੍ਰਵਾਰ ਨੂੰ ਸਦਾ ਹੀ ਗੁਰਸਿਖੀ ਦੀ ਅਸੀਸ ਬਖ਼ਸ਼ੇ। (ਸੰਪਾਦਕ)



www.AKJ.Org

# 'ਸੂਰਾ' ਕਿਵੇਂ ਚੜ੍ਹਦੀ ਕਲਾ ਵਿਚ ਜਾਵੇ

## (ਸਿੰਘਾਂ ਨੂੰ ਅਪੀਲ)

(ਵਲੋਂ–ਭਾ: ਗਿਆਨ ਸਿੰਘ ਜੀ ਸਿੰਦਰੀ)

ਅਜ ਦੇ ਜੁਗ ਵਿਚ ਜਦ ਕਿ ਇਸ ਜੁਗ ਦੇ ਰੱਥ ਨੂੰ ਕੂੜੀ ਮਾਇਆ ਦੀ ਅੱਗ ਲਗੀ ਹੋਈ ਹੈ ਤੇ ਇਸ ਰੱਥ ਨੂੰ ਚਲਾਉਣ ਵਾਲਾ ਰਥਵਾਨ ਵੀ ਕੂੜ ਹੈ। ਜਿਥੇ ਕਿ ਵਡਾ ਰੌਲਾ ਫ਼ਿਲਮੀ ਗਾਣਿਆਂ, ਅਖ਼ਬਾਰਾਂ, ਰਸਾਲੇ ਤੇ ਨਾਵਲ ਨਾਟਕਾਂ ਦਾ ਪੈ ਰਿਹਾ ਹੈ, ਜੋ ਕਿ ਹਰ ਵੇਲੇ ਇਸ ਮਨ ਨੂੰ ਕਾਮ ਰੁਚੀ ਤੇ ਕੂੜ ਕੁਸੱਤ ਵਲ ਪਰੇਰ ਰਹੇ ਹਨ, ਉਥੇ 'ਸੂਰਾ' ਦੀ ਆਵਾਜ਼ ਸਿਖ ਜਗਤ ਅੰਦਰ ਕਿਸ ਤਰ੍ਹਾਂ ਸੁਣੀ ਜਾ ਸਕਦੀ ਹੈ?

ਜਥੇ ਦੇ ਸਿੰਘ ਉਦਮ ਕਰਨ ਤੇ ਆਪਣੇ ਨਗਰਾਂ, ਕਸਬਿਆਂ, ਕਾਲੋਨੀਆਂ ਵਿਚ ਪੰਜ ਸਿੰਘ ਜਾਂ ਵਧ ਘਰ ਘਰ ਜਾ ਕੇ ਸੂਰੇ ਦੇ ਮੈਂਬਰ ਸਿਖ ਜਨਤਾ ਨੂੰ ਬਣਾਉਣ ਤੇ ਹਰ ਸਾਲ ਸੂਰੇ ਦੇ ਪਾਠਕਾਂ ਕੋਲ ਪੁਜਿਆ ਜਾਵੇ। ਇਸ ਤਰ੍ਹਾਂ ਸੂਰਾ ਹਜ਼ਾਰਾਂ ਦੀ ਗਿਣਤੀ ਵਿਚ ਛਪਣ ਲਗ ਜਾਏ ਤੇ ਆਪਣੇ ਪੈਰਾਂ ਤੇ ਖੜਾ ਹੋ ਸਕਦਾ ਹੈ, ਇਹ ਇਕ ਪੱਕੀ ਮਦਦ ਸੂਰੇ ਨੂੰ ਹੋਵੇਗੀ। ਇਸ ਤਰ੍ਹਾਂ ਦਸਮੇਸ਼ ਗੁਰ ਨਾਨਕ ਦਾ ਸੰਦੇਸ਼ ਘਰ ਘਰ ਪੁਜ ਜਾਏਗਾ ਤੇ ਹਰ ਸ਼ਹਿਰ ਦੇ ਨਵੇਂ ਮੈਂਬਰਾਂ ਦੀ ਗਿਣਤੀ ਸੂਰਾ ਵਿਚ ਛਾਪ ਦਿਤੀ ਜਾਵੇ।

ਸਕੂਲਾਂ, ਕਾਲਜਾਂ, ਲਾਇਬਰੇਰੀਆਂ ਤੇ ਸਿੰਘ ਸਭਾਵਾਂ ਕੋਲੋਂ ਹਰ ਸਾਲ ਉਦਮ ਨਾਲ ਸੇਵਾ ਲਈ ਜਾਵੇ, ਨਹੀਂ ਤਾਂ ਦੇਖਿਆ ਗਿਆ ਹੈ ਕਿ ਧਾਰਮਕ ਰਸਾਲੇ ਥੋੜੀ ਦੇਰੀ ਚਲ ਕੇ ਬੰਦ ਹੋ ਜਾਂਦੇ ਹਨ ਕਿਉਂਕਿ ਅਲੂਣੀ ਸਿਲ ਵਿਰਲੇ ਹੀ ਚੱਟ ਸਕਦੇ ਹਨ।

ਸੂਰੇ ਦੀ ਮਸ਼ਹੂਰੀ ਲਈ ਦੂਜਿਆਂ ਰਸਾਲਿਆਂ ਤੇ ਅਖ਼ਬਾਰਾਂ ਵਿਚ ਇਸ਼ਤਿਹਾਰ ਦਿਤਾ ਜਾਵੇ।

ਗੁਰਪੁਰਬਾਂ ਤੇ ਵਡੇ ਸਮਾਗਮਾਂ ਵਿਚ ਸੂਰੇ ਦੇ ਵਡੇ ਵਡੇ ਇਸ਼ਤਿਹਾਰ ਦੀਵਾਰਾਂ ਤੇ ਲਾਏ ਜਾਣ।

ਅਜ ਪ੍ਰਾਪੇਗੰਡੇ ਦਾ ਜੁਗ ਹੈ, ਲੋਕ ਉਹ ਹੀ ਚੀਜ਼ ਖਰੀਦਦੇ ਹਨ, ਜਿਸਦੇ ਨਾਂ ਤੋਂ ਵਾਕਫ਼ੀਅਤ ਹੋਵੇ।

ਸੂਰੇ ਦੇ ਏਜੰਟ ਹਰ ਸ਼ਹਿਰ ਵਿਚ ਬਣਾਏ ਜਾਣ ਜੋ ਆਪਣੀ ਦੁਕਾਨ ਤੇ ਇਸਨੂੰ ਵੇਚਣ ਤੇ ਦੂਜਿਆਂ ਨੂੰ ਵੀ ਸਪਲਾਈ ਕਰਨ।

---



## ਪ੍ਰੋ: ਪਿਆਰਾ ਸਿੰਘ ਪਦਮ ਰਚਿਤ ਪੁਸਤਕਾਵਲੀ

(੧) ਗੁਰੂ ਨਾਨਕ ਬਾਰੇ—ਰਬਾਬ ੫), ਨਾਨਕੁ ਸਾਇਰੁ ਏਵ ਕਹਤ ਹੈ ੫), ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ੪), ਤਬਿ ਫਿਰਿ ਬਾਬਾ ਨਾਨਕ ਬੋਲਿਆ ੪)

(੨) ਗੁਰੂ ਗੋਬਿੰਦ ਸਿੰਘ ਬਾਰੇ—ਗੋਬਿੰਦ ਸਾਗਰ ੪), ਦਸਮ ਗ੍ਰੰਥ ਦਰਸ਼ਨ ੫), ਵਾਰਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀਆਂ ੩), ਚਾਰ ਸਾਹਿਬਜ਼ਾਦੇ (ਅੱਲ੍ਹਾ ਯਾਰ ਖ਼ਾਂ ਜੋਗੀ ਦੀਆਂ ਨਜ਼ਮਾਂ) ੨॥), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ ੧੫)

ਮਿਲਣ ਦਾ ਪਤਾ :—ਸੂਰਾ ਪੁਸਤਕ ਭੰਡਾਰ, ਰਾਘੋਮਾਜਰਾ, ਪਟਿਆਲਾ।




www.AKJ.Org

# ਜਗਤੁ ਜਲੰਦਾ ਰਖਿ ਲੈ ਅਪਣੀ ਕਿਰਪਾ ਧਾਰਿ

(ਵਲੋਂ—ਭਾਈ ਮਨਮੋਹਨ ਸਿੰਘ ਜੀ ਬੁਤਾਲਾ)

ਅਜ ਨਾਮ ਵਰਗੀ ਸ਼ਕਤੀ ਦਸਣ ਵਾਲੇ ਨੂੰ ਪੰਜ ਸੌ ਸਾਲ ਹੋ ਗਏ ਹਨ ਇਸ ਧਰਤੀ ਤੇ ਆਇਆਂ ਨੂੰ, ਸਮਝੋ ਕਿ ਸਿੱਖੀ ਦਾ ਜਨਮ ਦਾਤਾ ਅਜ ਪੰਜ ਸੌ ਸਾਲ ਦਾ ਹੋ ਗਿਆ। ਅਜ ਤੋਂ ਪੰਜ ਸੌ ਸਾਲ ਪਹਿਲਾਂ ਦੁਨੀਆਂ ਕੁਰਾਹੇ ਪਈ ਹੋਈ ਸੀ। ਵਹਿਮਾਂ, ਭਰਮਾਂ, ਪਖੰਡਾਂ ਨਾਲ ਭਰੀ ਹੋਈ ਜਨਤਾ ਨੂੰ ਸਤਿਗੁਰੂ ਨੇ ਆਣ ਜਗਾਇਆ, ਗਰੀਬਾਂ, ਯਤੀਮਾਂ ਤੇ ਬੇਆਸਰਿਆਂ ਨੂੰ ਗਲੇ ਲਗਾਇਆ।

ਸਹੀ ਅਰਥਾਂ ਵਿਚ ਗੁਰੂ ਜੀ ਲੋਕ ਆਗੂ ਬਣੇ ਅਤੇ ਕੀ ਹਿੰਦੂ, ਮੁਸਲਮਾਨ ਤੇ ਈਸਾਈਆਂ ਸਭ ਨੇ ਉਨ੍ਹਾਂ ਦਾ ਮਿਸ਼ਨ ਕਬੂਲ ਕੀਤਾ ਅਤੇ ਸਭੇ ਸਾਂਝੀਵਾਲ ਦਾ ਨਾਹਰਾ ਲਗਾਇਆ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ 'ਆਪੁ ਨਾਰਾਇਣ ਕਲਾ ਧਾਰੁ ਜਗੁ ਮਹਿ ਪ੍ਰਵਰਿਓ' ਸਾਰੀ ਸ਼ਕਤੀ ਰਖਦਿਆਂ ਹੋਇਆਂ ਭੀ ਨਾ ਜਿਤਾਉਣ ਵਾਲੇ ਗੁਰੂ ਬਾਬਾ ਜੀ ਨੇ ਭੁਲੜ ਲੋਕਾਂ ਕੋਲੋਂ ਕੁਰਾਹੀਆ ਅਖਵਾ ਲਿਆ, ਤਾਹਨੇ ਸਹਿ ਲਏ ਪਰ ਲੋਕਾਂ ਨੂੰ ਸਹੀ ਮਾਰਗ ਤੇ ਪਾਉਣੋਂ ਨਾ ਰਹਿ ਸਕੇ, ਉਦੋਂ ਦੇ ਜ਼ਾਲਮ ਹੁਕਮਰਾਨ ਬਾਬਰ ਨੂੰ ਭੀ ਕਹਿ ਦਿਤਾ ਕਿ—

ਪਾਪ ਕੀ ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ।

ਅਖ਼ੀਰ ਸਚ ਦੀ ਬਾਣੀ ਦੀ ਜਿਤ ਹੁੰਦੀ ਹੈ, ਬਾਬਰ ਨੂੰ ਝੁਕਣਾ ਪਿਆ ਅਤੇ ਸਿਧੇ ਮਾਰਗ ਤੇ ਆ ਕੇ ਹਿੰਦੁਸਤਾਨ ਦਾ ਰਾਜ ਭਾਗ ਕਰਨ ਲਗਾ। ਅਜ ਕੌਣ ਹੈ ਸਾਡੇ ਦੇਸ ਵਿਚ ਜੋ ਗੁਰੂ ਜੀ ਵਾਂਗ ਸਚੇ ਨੂੰ ਸਚਾ ਅਤੇ ਝੂਠੇ ਨੂੰ ਝੂਠਾ ਕਹੇ ਅੱਜ ਦੇ ਹੁਕਮਰਾਨਾਂ ਨੂੰ ਕੌਣ ਸ਼ੀਂਹ ਤੇ ਕੁਤੇ ਕਹਿ ਸਕਦਾ ਹੈ। ਤੇ ਏਨੀ ਕਿਸੇ ਦੀ ਜੁਰਤ ਹੋਵੇ ਕਿਸ ਦੀ ਉਹੋ ਹੀ ਕਹੇ ਜੋ ਆਪ ਸਚਾ ਹੋਵੇ।

ਇਸ ਵਕਤ ਤਾਂ ਸਾਡੀ ਕੌਮ ਦਾ ਹੀ ਬੁਰਾ ਹਾਲ ਹੈ ਸਾਡੀ ਕੌਮ ਦੇ ਲੀਡਰ ਗੁਰਮਤਿ ਦੀ ਬਜਾਏ ਸਿਆਸਤ ਵਲ ਚਲੇ ਗਏ ਹਨ। ਕੌਮ ਦੇ ਵਡੇ ਲੀਡਰ ਤੋਂ ਲੈ ਕੇ ਛੋਟੇ ਤੋਂ ਛੋਟੇ ਵਰਕਰ ਵਲ ਨਿਗਾ ਮਾਰੀਏ ਤਾਂ ਸਭ ਪੁਲੀਟੀਕਲ ਸਾਈਡ ਵਲ ਜਾ ਰਹੇ ਹਨ ਕਈ ਵਾਰੀ ਹੈਰਾਨੀ ਹੁੰਦੀ ਹੈ ਕਿ ਸਾਡੀ ਕੌਮ ਦਾ ਬਣੇਗਾ ਕੀ ਜੇ ਏਸੇ ਤਰ੍ਹਾਂ ਹੀ ਹੋਰ ਕੁਝ ਸਾਲ ਪੰਥ ਦਾ ਨਾਮ ਹੋਕਾ ਦੇ ਦੇ ਕੇ ਵੇਚਿਆ ਗਿਆ ਤਾਂ ਸਾਰੀ ਸਿਖ ਕੌਮ ਹੀ ਬਦਨਾਮ ਹੋ ਜਾਵੇਗੀ ਅਤੇ ਕੋਈ ਇਸ ਤੇ ਇਤਬਾਰ ਹੀ ਨਹੀਂ ਕਰੇਗਾ। ਕੋਈ ਵੇਲਾ ਸੀ ਗੁਰੂ ਨਾਨਕ ਲੇਵਾ ਦੇ ਸਿਖਾਂ ਤੇ ਗੈਰ ਹਕੂਮਤਾਂ ਭੀ ਇਤਬਾਰ ਕਰਿਆ ਕਰਦੀਆਂ ਸਨ। ਪਰ ਹੁਣ ਆਪਣਾ ਰਾਜ ਹੈ ਪਰ ਗੁਰੂ ਜੀ ਦੇ ਮਿਸ਼ਨ ਤੇ ਚਲਣ ਵਾਲਿਆਂ ਨੂੰ ਅੱਜ ਪੁਛਦਾ ਹੀ ਕੋਈ ਨਹੀਂ, ਏਥੇ ਤਾਂ ਹੁਣ ਹਰ ਕੰਮ ਗੈਰ ਸਿਖ ਦਾ ਹੀ ਹੁੰਦਾ ਹੈ ਹਰ ਪਾਸੇ ਚੌਧਰ ਹੀ ਲੁਚੇ ਦੀ ਹੈ ਭਲੇ ਮਾਨਸ ਆਦਮੀ ਦੀ ਏਥੇ ਕੋਈ ਇਜ਼ਤ ਨਹੀਂ ਹੈ ਗੁਰਦਵਾਰਿਆਂ ਦੇ ਪ੍ਰਬੰਧਕਾਂ ਵਿਚ ਉਹਨਾਂ ਨੂੰ ਰਖਿਆ ਜਾਂਦਾ ਹੈ ਜੋ ਸ਼ਰਾਬ ਪੀਂਦੇ ਹੋਣ ਅਤੇ ਹੋਰ ਭੀ ਏਹੋ ਜਹੀਆਂ ਕੁਰਹਿਤਾਂ ਕਰ ਸਕਦੇ ਹੋਣ ਜੇ ਕਿਤੇ ਇਹੋ-ਜਿਹੇ ਥਾਂ ਸੇਵਾ ਕਰਨ ਨੂੰ ਕੋਈ ਅੰਮ੍ਰਿਤਧਾਰੀ ਤਿਆਰ ਬਰ ਤਿਆਰ ਸਿੰਘ ਆਪਣਾ ਨਾਮ ਪੇਸ਼ ਕਰ ਭੀ ਦੇਵੇ ਤਾਂ ਉਸ ਦੀ ਹਾਮੀ ਉਸ ਸਭਾ ਵਿਚ ਕੋਈ ਭੀ ਨਹੀਂ ਭਰਦਾ



www.AKJ.Org

ਹਾਲਾਂਕਿ ਉਹ ਗੁਰਧਾਮਾਂ ਦੀ ਸੇਵਾ ਕਰਨੀ ਚਾਹੁੰਦਾ ਹੈ ਹੁਣ ਤਾਂ ਵੇਖਣ ਵਿਚ ਏਹੋ ਆਉਂਦਾ ਹੈ ਕਿ ਧਾਰਮਕ ਅਤੇ ਕੀ ਸਿਆਸੀ ਹਰ ਕੰਮ ਵਿਚ ਨਾਮ ਜਪਣ ਵਾਲੇ ਗੁਰਮੁਖ ਜਨ ਆਉਣੋਂ ਹੀ ਹਟ ਗਏ ਹਨ ਉਹ ਹੁਣ ਏਹੋ ਜਿਹੇ ਕੰਮਾਂ ਵਿਚ ਹਿਸਾ ਹੀ ਨਹੀਂ ਲੈਂਦੇ ਇਸ ਤਰ੍ਹਾਂ ਕਰਨ ਨਾਲ ਸਗੋਂ ਹੀ ਗੁੜਿਆਂ ਦੀ ਚੜ੍ਹ ਮਚ ਗਈ ਹੈ, ਜੇ ਕੋਈ ਸਟੇਜਾਂ ਤੇ ਖਲੋ ਕੇ ਲੈਕਚਰ ਕਰਦਾ ਭੀ ਹੈ ਤਾਂ ਉਹ ਆਪਣੇ ਆਪ ਹੀ ਪੂਰਾ ਨਹੀਂ ਹੁੰਦਾ ਸ਼ੀਸ਼ਾ ਚੰਗੀ ਤਰ੍ਹਾਂ ਸਾਫ ਹੋਵੇ ਤਾਂ ਉਸ ਵਿਚ ਚੰਗੀ ਤਰ੍ਹਾਂ ਮੂੰਹ ਦਿਸ ਸਕਦਾ ਹੈ ਪਰ ਜੇ ਉਹ ਆਪ ਹੀ ਮੈਲਾ ਹੋਵੇ ਤਾਂ ਉਸ ਵਿਚ ਦਿਸਣਾ ਕੀ ਹੈ ਉਸੇ ਤਰ੍ਹਾਂ ਹੀ ਉਸ ਸਟੇਜ ਤੇ ਬੋਲਣ ਵਾਲੇ ਦਾ ਹਾਲ ਹੈ ਜੇ ਉਹ ਆਪ ਹੀ ਸਾਫ ਨਹੀਂ ਤਾਂ ਲੋਕਾਂ ਤੇ ਅਸਰ ਕੀ ਹੋ ਸਕਦਾ ਹੈ।

ਅਨਿਕ ਭੇਖ ਅਰ ਙਿਆਨ ਧਿਆਨ
ਮਨ ਹਠ ਮਿਲਿਅਉ ਨ ਕੋਇ ॥
ਕਹੁ ਨਾਨਕ ਕਿਰਪਾ ਭਈ ਭਗਤ ਙਿਮਾਨੀ ਸੋਇ ।

ਇਸ ਕਰਕੇ ਨਿਰਾ ਭੇਖਾਂ ਨਾਲ ਹੀ ਸਿਖੀ ਧਾਰਨ ਨਹੀਂ ਕੀਤੀ ਜਾਂਦੀ। ਸਭ ਤੋਂ ਵਡੀ ਗਲ ਤਾਂ ਦੁਨੀਆਂ ਉਤੇ ਆ ਕੇ ਨਾਮ ਜਪਣਾ ਹੀ ਹੈ ਇਸ ਤੋਂ ਬਿਨਾਂ ਸਾਰੀਆਂ ਵਸਤੂਆਂ ਨਾਸ਼ਵਾਨ ਹਨ ਭਾਈ ਨੰਦ ਲਾਲ ਜੀ ਲਿਖਦੇ ਹਨ—

ਬੰਦਗੀ ਬਾਸ਼ਦ ਕਮਾਲੇ ਬੰਦਗੀ ॥
ਬੰਦਗੀ ਬਾਸ਼ਦ ਨਿਸ਼ਾਨੇ ਬੰਦਗੀ ॥

ਐ ਮੂਰਖ ! ਫੇਰ ਇਨ੍ਹਾਂ ਵਸਤਾਂ ਫਲ ਕਿਉਂ ਮੋਹ ਪਾਉਂਦਾ ਹੈਂ।

ਈ ਜਹਾਨੋ ਆ ਮਹਾਂ ਫ਼ਾਨੀ ਬਵਦ ॥
ਗੈਰ ਯਾਦਸ਼ ਜੁਮਲਹਾ ਨਾਦਾਨੀ ਬਵਦ ॥

ਅਸਲੀ ਗੁਰੂ ਨਾਨਕ ਦਾ ਸਿਖ ਜੋ ਸਹੀ ਗੁਰੂ ਨਾਨਕ ਦੇ ਮਿਸ਼ਨ ਨੂੰ ਸਮਝਦਾ ਹੈ ਉਹ ਏਹੋ ਜਹੀਆਂ ਲੁਭਾਏਮਾਨ ਵਸਤਾਂ ਤੇ ਨਹੀਂ ਲੋਭਦਾ ਏਥੇ ਲਈ ਪੁਤ, ਧੀ, ਦੁਧ, ਮਾਇਆ, ਮਕਾਨ ਆਦਿ ਜਾਂ ਰਾਜ ਭਾਗ ਤਾਂ ਕਿਤੇ ਰਿਹਾ ਪਰ ਉਹ ਤਾਂ ਅਗੇ ਲਈ ਭੀ ਕੁਝ ਨਹੀਂ ਮੰਗਦਾ—

ਹਰਿ ਦਰਸਨ ਕੇ ਜਨ ਮੁਕਤਿ ਨ ਮਾਂਗਹਿ
ਮਿਲਿ ਦਰਸਨ ਤ੍ਰਿਪਤ ਮਨ ਧੀਜੈ ॥
ਅਥਵਾ:—ਰਾਜ ਨ ਚਾਹਉ ਮੁਕਤਿ ਨ ਚਾਹਉ
ਮਨ ਪ੍ਰੀਤ ਚਰਨ ਕਮਲਾਰੇ ॥

ਏਡੀ ਵਡੀ ਸ਼ਕਤੀ ਦਿਤੀ ਕਿਸ?ਇਹ ਸ਼ਕਤੀ ਦਰਸਾਈ ਕਿਸ ? ਉਸ ਗੁਰੂ ਬਾਬੇ ਨਾਨਕ ਨੇ, ਗੁਰੂ ਬਾਬੇ ਤੋਂ ਪਹਿਲਾਂ ਜੁਗਾਂ ਜੁਗਾਂ ਵਿਚ ਕਈ ਅਵਤਾਰ ਆਏ ਪਰ ਕਿਸੇ ਨੇ ਭੀ ਸਹੀ ਮਾਰਗ ਪ੍ਰਮਾਤਮਾ ਦਾ ਨਹੀਂ ਬਤਾਇਆ ਦਸ਼ਮੇਸ਼ ਪਿਤਾ ਦੀ ਬਾਣੀ ਇਸ ਦੀ ਗਵਾਹੀ ਦਿੰਦੀ ਹੈ ਕਿ—

ਜੇ ਜੇ ਭਏ ਪਹਿਲੇ ਅਵਤਾਰਾ ।
ਆਪੁ ਆਪੁ ਤਿਨ ਜਾਪੁ ਉਚਾਰਾ ।
ਪ੍ਰਭੁ ਦੇਖੀ ਕੋਈ ਨ ਬਿਦਾਰਾ ।
ਧਰਮ ਕਰਮ ਕੋ ਰਾਹ ਨ ਡਾਰਾ ।
ਅਤੇ—ਜੋ ਪ੍ਰਭ ਸਾਖ ਨਮਿਤ ਠਹਿਰਾਏ ।
ਤੇ ਹਿਆਂ ਆਇ ਪ੍ਰਭੂ ਕਹਲਾਏ ।

ਗੁਰੂ ਬਾਬਾ ਸਾਰੀ ਸ਼ਕਤੀ ਆਪਦੇ ਕੋਲ ਰਖਦਿਆਂ ਹੋਇਆਂ ਭੀ ਜ਼ਾਹਿਰ ਨਹੀਂ ਹੋਏ ਅਕਾਲ ਪੁਰਖ ਅਗੇ ਏਹੋ ਅਰਦਾਸ ਕੀਤੀ ਹੈ ਕਿ—

ਜਗਤ ਜਲੰਦਾ ਰਖਿ ਲੈ
ਅਪਣੀ ਕਿਰਪਾ ਧਾਰਿ ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥

ਇਹ ਪੁਕਾਰ ਇਸ ਕਲਜੁਗੀ ਭੁਲੀ ਹੋਈ ਜੰਤਾ ਲਈ ਗੁਰੂ ਜੀ ਨੇ ਉਸ ਸਮੇਂ ਦੀ ਦਸ਼ਾ ਵੇਖ ਕੇ ਕੀਤੀ ਸੀ ਇਹ ਜਗਤ ਨਾਮ ਤੋਂ ਬਿਨਾਂ ਪਾਰ ਹੋਣਾ ਬਹੁਤ ਮੁਸ਼ਕਲ ਹੈ ਗੁਰਬਾਣੀ ਦੀ ਗਵਾਹੀ ਹੈ—

ਨਾਨਕ ਨਾਮ ਰਤੇ ਸੇ ਰੰਗਲੇ
ਗੁਰ ਕੈ ਸਹਿਜ ਸੁਭਾਇ ॥
ਭਗਤੀ ਰੰਗੁ ਨ ਉਤਰੈ ਸਹਿਜੇ ਰਹਿ ਸਮਾਇ ॥

ਇਹ ਕਿਸ ਤਰ੍ਹਾਂ ਮਿਲਦਾ ਹੈ ਹਉਮੈ ਤੋਂ ਰਹਿਤ ਹੋ ਕੇ ਕਿਉਂਕਿ:—

ਹਉਮੈ ਨਾਵੈ ਨਾਲਿ ਵਿਰੋਧ ਹੈ
ਦੁਇ ਨ ਵਸਹਿ ਇਕ ਠਾਇ ॥



www.AKJ.Org

ਇਸ ਕਰਕੇ ਸਾਨੂੰ ਸਰਿਆਂ ਨੂੰ ਸਿਆਸਤ ਦੀ ਅੱਗ ਵਿਚੋਂ ਬਚ ਕੇ ਨਾਮ ਜਪਣਾ ਚਾਹੀਦਾ ਹੈ ਤੇ ਨਾਲ ਦਸਾਂ ਨਵ੍ਹਾਂ ਦੀ ਕਮਾਈ ਕਰਨੀ ਚਾਹੀਦੀ ਹੈ ਕਿਉਂਕਿ ਜੇ ਅਸੀਂ ਪਰਾਏ ਹਕ ਤੇ ਭੀ ਨਿਗਾ ਰਖਾਂਗੇ ਤਾਂ ਠੀਕ ਨਹੀਂ ਅਸੀਂ ਗੁਰੂ ਨਾਨਕ ਨਾਮ ਲੇਵਾ ਨਹੀਂ ਅਖਵਾ ਸਕਦੇ। ਹਜ਼ੂਰ ਇਸ ਬਾਰੇ ਭੀ ਲਿਖਦੇ ਹਨ –

ਹਕ ਪਰਾਇਆ ਨਾਨਕਾ ਉਸ ਸੂਅਰ ਉਸੁ ਗਾਇ।
ਗੁਰ ਪੀਰ ਹਾਮਾ ਤਾਂ ਭਰੇ ਜਾ ਮੁਰਦਾਰ ਨ ਖਾਇ।

ਤਾਂ ਤੇ ਸਾਨੂੰ ਪੰਜ ਸੌ ਸਾਲਾ ਗੁਰੂ ਜੀ ਦਾ ਪ੍ਰਕਾਸ਼ ਉਤਸ਼ਵ ਤਾਂ ਹੀ ਮਨਾਉਣ ਦਾ ਫਾਇਦਾ ਹੋ ਸਕਦਾ ਹੈ ਜੇ ਅਸੀਂ ਬੁਰੀਆਂ ਚੀਜ਼ਾਂ ਛਡੀਏ ਅਪਣੇ ਗੁਰੂ ਵਾਂਗ ਹੀ ਸਚੀ ਗਲ ਕਹਿਣੋਂ ਝਕੀਏ ਨਾ, ਭਾਵੇਂ ਜਾਨ ਕੁਰਬਾਨ ਕਿਉਂ ਨਾ ਹੋ ਜਾਵੇ। ਐਵੇਂ ਲਿਬਾਸ ਬਣਾ ਕੇ ਤੁਰੇ ਫਿਰਨਾ ਤੇ ਬੇਆਸਰੇ ਦੀ ਮਦਦ ਨਾ ਕਰ ਸਕਣਾ ਤਾਂ ਫੇਰ ਦੂਜੇ ਲੋਕਾਂ ਤੇ ਸਿਖ ਵਿਚ ਕੀ ਫਰਕ ਹੋਇਆ? ਇਹ ਨਿਧੜਕ ਉਦੋਂ ਤਕ ਅਸੀਂ ਨਹੀਂ ਹੋ ਸਕਦੇ ਜਦੋਂ ਤਕ ਸਾਡੇ ਵਿਚ ਨਾਮ ਦੀ ਸ਼ਕਤੀ ਨਾਂ ਆ ਜਾਵੇ। ਏਸੇ ਲਈ ਗੁਰਬਾਣੀ ਕਈ ਥਾਈਂ ਸਾਨੂੰ ਤਾਹਨੇ ਭੀ ਮਾਰਦੀ ਹੈ:

'ਲਾਜ ਮਰੈ ਜੋ ਨਾਮੁ ਨ ਲੇਵੈ।
ਨਾਮ ਬਿਹੂਣ ਸੁਖੀ ਕਿਉ ਸੋਵੈ।
ਹਰਿ ਸਿਮਰਨ ਛਾਡਿ ਧਰਮ ਗਤਿ ਚਾਹੈ।
ਮੂਲ ਬਿਨਾ ਸਾਖਾ ਕਤ ਆਹੈ।

ਏਹੋ ਜਹੇ ਸ਼ਬਦ ਬੋਲਣ ਨਾਲ ਹੀ ਤਾਂ ਸਿਧਾਂ ਨੇ ਗੁਰੂ ਜੀ ਨੂੰ ਕਿਹਾ ਸੀ ਕਿ ਗਰਿਸਤ ਵਿਚ ਰਹਿੰ ਦਿਆਂ ਹੋਇਆਂ ਨਾਮ ਕਿਸ ਤਰ੍ਹਾਂ ਜਪਿਆ ਜਾਵੇ।

ਦੁਨੀਆ ਸਾਗਰ ਦੁਤਰੁ ਤਰੀਐ
ਕਿਉ ਕਰਿ ਪਾਈਐ ਪਾਰੋ।
ਚਰਪਟੁ ਬੋਲੈ ਅਉਧੂ ਨਾਨਕ
ਕਹੁ ਸਚਾ ਬੀਚਾਰੋ।

ਤਾਂ ਹਜ਼ੂਰ ਉਤਰ ਦਿੰਦੇ ਹਨ ਕਿ—

ਜੈਸੇ ਜਲ ਮਹਿ ਕਮਲੁ ਨਿਰਾਲਮੁ
ਮੁਰਗਾਈ ਨੈਸਾਣੈ।
ਸੁਰਤਿ ਸਬਦਿ ਭਵ ਸਾਗਰੁ ਤਰੀਐ
ਨਾਨਕ ਨਾਮੁ ਵਖਾਣੈ।

ਸਿਧ ਗੋਸਟਿ ਮ: ੧

ਬਸ ਗੁਰੂ ਜੀ ਕਹਿੰਦੇ ਹਨ ਕਿ ਸੁਰਤ ਨੂੰ ਸ਼ਬਦ ਵਿਚ ਲਿਵਲੀਨ ਕਰੋ ਤਾਂ ਗ੍ਰਹਿਸਤ ਵਿਚ ਹੀ ਸਭ ਚੀਜ਼ ਦੀ ਪ੍ਰਾਪਤੀ ਹੋ ਜਾਵੇਗੀ।

---

# ਸ੍ਰੀ ਅਨੰਦਪੁਰ ਸਾਹਿਬ ਦੇ ਯਾਤਰੂਆਂ ਅਗੇ ਬੇਨਤੀਆਂ

**1.** ਹੋਲੇ ਮਹੱਲੇ ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਇਕ ਵਡਾ ਭਾਰੀ ਮੇਲਾ ਹੁੰਦਾ ਹੈ। ਇਸ ਲਈ ਲੰਗਰ ਚਾਹ ਆਦਿ ਮਿਲਣ ਵਿਚ ਦੇਰ ਹੋ ਸਕਦੀ ਹੈ। ਇਸ ਲਈ ਛੱਕਣ ਲਈ ਪਿੰਨੀਆਂ, ਪੰਜੀਰੀ, ਮੱਠੀਆਂ ਆਦਿ ਲੈ ਆਉਣਾ ਜੀ।

**2.** ਜੰਗਲ ਪਿਸ਼ਾਬ ਬਾਹਰ ਖੇਤਾਂ ਵਿਚ ਜਾਣਾ ਪਵੇਗਾ। ਇਸ ਲਈ ਜਲ ਵਰਤਣ ਲਈ ਗੜਵੀ ਗਲਾਸ ਆਦਿ ਲੈ ਕੇ ਆਉਣਾ ਜੀ।

**3.** ਜੰਦਰਾ, ਮੋਮਬੱਤੀ, ਪੂਰਾ ਬਿਸਤਰਾ ਆਦਿ ਜ਼ਰੂਰ ਲੈ ਆਉਣਾ ਜੀ।

**4.** ਸਿੰਘਾਂ ਅਤੇ ਬੀਬੀਆਂ ਲਈ ਰਿਹਾਇਸ਼ ਦਾ ਪ੍ਰਬੰਧ ਕਰਨ ਦੀ ਕੋਸ਼ਸ਼ ਕੀਤੀ ਜਾ ਰਹੀ ਹੈ। ਜੇ ਕੋਈ ਜੱਥਾ ਯਾ ਸੱਜਣ ਹੋਰ ਸੰਗਤਾਂ ਨੂੰ ਨਾਲ ਲੈ ਆਉਣਾ ਚਾਹੇ ਤਾਂ ਜ਼ਰੂਰ ਲੈ ਆਵੇ ਪਰ ਰਿਹਾਇਸ਼ ਲਈ ਸ੍ਰ: ਮੁਕੰਦ ਸਿੰਘ ਜੀ ਮੈਨੇਜਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ, ਜ਼ਿਲਾ ਰੋਪੜ ਨੂੰ ਬੇਨਤੀ ਪੱਤਰ ਘੱਲ ਕੇ ਸੰਗਤਾਂ ਦੀ ਰਿਹਾਇਸ਼ ਦਾ ਜ਼ਰੂਰ ਪ੍ਰਬੰਧ ਕਰਨ ਜੀ। —ਸੰਗਤਾਂ ਦਾ ਦਾਸ—

ਹਰਚਰਨ ਸਿੰਘ, 3032, ਸੈਕਟਰ 19-ਡੀ, ਚੰਡੀਗੜ੍ਹ।



www.AKJ.Org

# ਕਬੀਰ ਜੀ ਦਾ ਜੰਮ-ਪਲ

(ਸ: ਅਮਰੀਕ ਸਿੰਘ ਗਿਆਨੀ ਬੀ.ਏ., ਬੜੌਦਾ)

(ਪਿਛੋਂ ਤੋਂ ਅਗੇ)

## ਜੁਲਾਹਾ = ਮੁਸਲਮਾਨ ?

ਆਮ ਪਰਚਾਰਕ ਤੇ ਲੇਖਕ ਕਬੀਰ ਸਾਹਿਬ ਨੂੰ ਇਸ ਲਈ ਮੁਸਲਮਾਨ ਸਮਝਦੇ ਹਨ ਕਿ ਉਹ ਜੁਲਾਹੇ ਜੋ ਸਨ, ਪਰ ਉਹ ਭੁਲ ਜਾਂਦੇ ਹਨ ਕਿ ਉਚੀ ਨੀਵੀਂ ਜ਼ਾਤ ਦਾ ਵਿਤਕਰਾ ਕੇਵਲ ਹਿੰਦੂ ਧਰਮ ਵਿਚ ਹੈ। ਇਸ ਬਾਰੇ ਪਾਠਕ ਮੁਢਲੀਆਂ ਸਚਾਈਆਂ ਵਿਚ ਪੜ੍ਹ ਆਏ (ਪੈਰਾ 5 ਤੇ 7) ਹਨ। ਕਿਸੇ ਮੁਸਲਮਾਨ ਨੂੰ ਸੂਦਰ ਕੋਈ ਨਹੀਂ ਸੀ ਕਹਿ ਸਕਦਾ। ਜੇ ਕਬੀਰ ਜੀ ਮੁਸਲਮਾਨ ਜੁਲਾਹੇ ਹੁੰਦੇ ਤਾਂ ਕੋਈ ਬ੍ਰਾਹਮਣ ਉਹਨਾਂ ਨੂੰ ਸੂਦਰ ਕਹਿਣ ਦੀ ਜੁਰਅਤ ਨ ਕਰ ਸਕਦਾ। ਖ਼ਾਸ ਤੌਰ ਤੇ ਜਦੋਂ ਰਾਜ ਵੀ ਮੁਸਲਮਾਨਾਂ ਦਾ ਸੀ। ਹਿੰਦੂ ਜੁਲਾਹੇ ਨੂੰ ਸੂਦਰ ਆਖਿਆ ਜਾ ਸਕਦਾ ਸੀ ਤੇ ਬ੍ਰਾਹਮਣ ਕਬੀਰ ਸਾਹਿਬ ਜੁਲਾਹੇ ਜ਼ਰੂਰ ਸਨ ਪਰ ਮੁਸਲਮਾਨ ਨਹੀਂ। ਹੇਠ ਦਿਤੇ ਸ਼ਬਦਾਂ ਦੁਆਰਾ ਪਾਠਕਾਂ ਨੂੰ ਹੋਰ ਵੀ ਪਕਿਆਈ ਹੋ ਜਾਇਗੀ।

ਮਹਾਂਪੁਰਸ਼ ਆਪਣਾ ਆਪ ਲੁਕਾਉਂਦੇ ਨਹੀਂ। ਕਬੀਰ ਸਾਹਿਬ ਆਪਣੇ ਆਪ ਨੂੰ ਖੁਦ ਜੁਲਾਹਾ ਕਹਿੰਦੇ ਹਨ ਪਰ ਅਸਾਂ ਵੇਖਣਾ ਹੈ ਕਿ ਉਹ ਜਾਤੀ ਕੇਹੜੀ ਸੀ ਹਿੰਦੂ ਜੁਲਾਹੇ ਸਨ ਕਿ ਮੁਸਲਮਾਨ। ਕਬੀਰ ਸਾਹਿਬ ਜੀ ਆਸਾ ਰਾਗ ਦੇ ਸ਼ਬਦ ਨੰ: 26 ਵਿਚ ਲਿਖਦੇ ਹਨ:—

ਹਮ ਘਰ ਸੂਤੁ ਤਨਹਿ ਨਿਤ ਤਾਨਾ,
ਕੰਠ ਜਨੇਊ ਤੁਮਾਰੇ।
ਤੁਮ ਤਉ ਬੇਦ ਪੜ੍ਹਉ ਗਾਇਤ੍ਰੀ,
ਗੋਬਿੰਦੁ ਰਿਦੇ ਹਮਾਰੇ।੧।
ਮੇਰੀ ਜਿਹਬਾ ਬਿਸਨੁ, ਨੈਨ ਨਾਰਾਇਨ,
ਹਿਰਦੇ ਬਸਹਿ ਗੋਬਿੰਦਾ।
ਜਮ ਦੁਆਰ ਜਬ ਪੂਛਸ ਬਵਰੇ
ਤਬ ਕਿਆ ਕਹਿਸ ਮੁਕੰਦਾ।੧।ਰਹਾਉ।
ਹਮ ਗੋਰੂ ਤੁਮ ਗੁਆਰ ਗੁਸਾਈ,
ਜਨਮ ਜਨਮ ਰਖਵਾਰੇ।
ਕਬਹੂ ਨ ਪਾਰ ਉਤਾਰਿ ਚਰਾਇਹੁ
ਕੈਸੇ ਖਸਮ ਹਮਾਰੇ।੨।
ਤੂ ਬਾਮਨ ਮੈ ਕਾਸੀਕ ਜੁਲਹਾ
ਬੂਝਹੁ ਮੋਰ ਗਿਆਨਾ।
ਤੁਮ ਤਓ ਜਾਚੇ ਭੂਪਤ ਰਾਜੇ
ਹਰ ਸਿਉ ਮੋਰ ਧਿਆਨਾ।੩।੪।੨੬।

ਸ਼ਬਦ ਦੇ ਪਹਿਲੇ ਪਦ ਦੇ ਰਹਾਉ ਤਕ ਅਰਥ ਸਪਸ਼ਟ ਹੀ ਹਨ। ਰਹਾਉ ਤੋਂ ਬਾਦ ਦੇ ਅਰਥ ਲਿਖ ਕੇ ਕੁਝ ਵਿਚਾਰ ਕਰੀਏ।

ਪਦ ਅਰਥ— ਗੁਰੂ = ਗਾਂ, ਗੁਸਾਈਂ = ਗਊਆਂ ਦੇ ਮਾਲਕ, ਜਨਮ ਜਨਮ = ਕਈ ਜਨਮਾਂ ਤੋਂ, ਪਾਰ ਉਤਾਰ = ਪਾਰ ਲੰਘਾ ਕੇ, ਚਰਾਇਹੁ = ਤੁਸਾਂ ਸਾਨੂੰ ਚਾਰਿਆ—ਆਤਮਕ ਖੁਰਾਕ ਦਿਤੀ, ਕੈਸੇ = ਕਿਹੋ ਜਹੇ ? ਨਕਾਰੇ ਹੀ।

ਅਰਥ:—ਕਈ ਜਨਮਾਂ ਤੋਂ ਤੁਸੀਂ ਸਾਡੇ ਰਾਖੇ ਬਣੇ ਆ ਰਹੇ ਹੋ ਕੇ ਅਸੀਂ ਤੁਹਾਡੀਆਂ ਗਾਈਆਂ



www.AKJ.Org

ਬਣੇ ਰਹੇ, ਤੁਸੀਂ ਸਾਡੇ ਖਸਮ ਗੁਆਲੇ ਬਣੇ ਰਹੇ ਹੋ। ਪਰ ਤੁਸੀਂ ਹੁਣ ਤਕ ਨਕਾਰੇ ਹੀ ਸਾਬਤ ਹੋਏ, ਤੁਸਾਂ ਕਦੇ ਭੀ ਸਾਨੂੰ ਪਾਰ ਲੰਘਾ ਕੇ ਨ ਚਰਾਇਆ (ਭਾਵ ਇਸ ਸੰਸਾਰ ਸਾਗਰ ਤੋਂ ਪਾਰ ਵਾਲੀ ਕੋਈ (ਆਤਮ) ਖੁਰਾਕ ਨਹੀਂ ਬਖਸ਼ੀ।

ਇਹ ਠੀਕ ਹੈ ਕਿ ਤੂੰ ਬ੍ਰਹਮਣ ਹੈ (ਭਾਵ ਖੂਬ ਵਿਦਿਆ ਪੜ੍ਹਿਆ ਹੋਇਆ ਹੈ (ਪੈਰਾ 5 ੳ) ਤੇ ਮੈਂ ਕਾਸ਼ੀ ਦਾ ਇਕ ਜੁਲਾਹਾ ਹੀ ਹਾਂ (ਭਾਵ ਅਨਪੜ ਪੈਰਾ 5 ਅ) (ਯਾਦ ਰਹੇ ਪੜ੍ਹੇ ਅਨਪੜ੍ਹੇ ਦਾ ਸਬੰਧ ਗਿਆਨ ਨਾਲ ਹੈ ਸੋ ਕਬੀਰ ਜੀ ਕਹਿਣ ਵਾਲੇ ਹਨ) ਪਰ ਮੈਂ ਇਕ ਗਿਆਨ ਦੀ ਗਲ, ਵਿਚਾਰ ਦੀ ਗਲ ਕਹਿੰਦਾ ਹਾਂ ਜਿਨੂੰ ਤੂੰ ਸਮਝ ਸੋਚ ! ਕਿ ਤੁਸੀਂ ਵਿਦਿਆ ਪੜ੍ਹ ਕੇ ਵੀ ਰਾਜਿਆਂ ਦੇ ਦਰ ਤੇ ਮੰਗਦੇ ਫਿਰਦੇ ਹੋ (ਕੀ ਫਾਇਦਾ ਅਜਿਹੀ ਪੜ੍ਹਾਈ ਦਾ) ਤੇ ਮੇਰੀ ਸੁਰਤ (ਤੁਹਾਡੀ ਕਰਮ ਕਾਂਡੀ ਫੋਕਟ ਵਿਦਿਆ ਪੜ੍ਹੇ ਬਿਨਾਂ ਹੀ) ਪ੍ਰਭੂ ਨਾਲ ਜੁੜੀ ਹੋਈ ਹੈ।

(ਪੈਰਾ ਨੰ: 9 ਹ) ਨੂੰ ਯਾਦ ਕਰਕੇ ਪਾਠਕ ਜਨ ਸੋਚਣ ਕਿ ਜੇ ਕਬੀਰ ਜੀ ਮੁਸਲਮਾਨ ਹੁੰਦੇ, ਤਾਂ ਬ੍ਰਾਹਮਣਾਂ ਨੂੰ ਇਹ ਨ ਆਖਦੇ ਕਿ ਤੁਸੀਂ ਸਾਡੇ ਰਾਖੇ ਬਣੇ ਰਹੇ ਹੋ ਤੇ ਉਹ ਵੀ ਜਨਮਾਂ ਜਨਮਾਂ ਤੋਂ– ਇਹ "ਜਨਮਾਂ ਜਨਮਾਂ" ਤੋਂ ਵਾਲਾ ਪਦ ਪਿਤਾ ਪਿਤਾਮਾ ਵਲ ਇਸ਼ਾਰਾ ਹੈ। ਮੁਸਲਮਾਨ ਦਾ ਤਾਂ ਕਿਸੇ ਬ੍ਰਾਹਮਣ ਨਾਲ ਧਾਰਮਕ ਸੰਬੰਧ ਨਹੀਂ ਸੀ ਹੋ ਸਕਦਾ ਤੇ ਹੁਣ ਹੀ ਕਦੀ ਕੋਈ ਮੁਸਲਮਾਨ ਆਪਣੇ ਆਪ ਨੂੰ ਗਾਂ ਤੇ ਬ੍ਰਾਹਮਣ ਨੂੰ ਗੁਆਲਾ ਮੰਨੇਗਾ। ਫਿਰ ਕਬੀਰ ਜੀ ਮੁਸਲਮਾਨ ਕਿਵੇਂ ਹੋਏ। ਜੁਲਾਹੇ ਸਨ—ਹਿੰਦੂ ਜੁਲਾਹੇ। ਦਾਦਿਆਂ ਪੜਦਾਦਿਆਂ ਤੋਂ ਵੀ ਹਿੰਦੂ ਜੁਲਾਹੇ ਹੀ ਸਨ। ਮੁਸਲਮਾਨ ਨੇ ਕਦੇ ਇਹ ਵੀ ਨਹੀਂ ਕਹਿਣਾ —

'ਗੋਬਿੰਦ ਰਿਦੈ ਹਮਾਰੇ' ਤੇ

'ਹਰਿ ਸਿਓ ਮੋਰ ਧਿਆਨਾ'

'ਮੇਰੀ ਜਿਹਬਾ ਬਿਸਨ, ਨੈਨ ਨਾਰਾਇਣ।'

ਕਿਉਂਕਿ ਕਿਸੇ ਮੁਸਲਮਾਨ ਜੁਲਾਹੇ ਨੂੰ ਬ੍ਰਾਹਮਣ ਨਾਲ ਮੁਕਾਬਲੇ 'ਚ ਪੜ੍ਹਾਈ ਦੀ ਹਵਾਲਾ ਦੇਣ ਦੀ ਕੀ ਲੋੜ। ਇਹ ਤਾਂ ਉਹ ਸੂਦਰ ਹੀ ਕਹੇਗਾ ਜਿਨੂੰ ਵਿਦਿਆ ਦੇ ਅਧਿਕਾਰੀ ਬ੍ਰਾਹਮਣਾਂ ਦੇ ਸ਼ਾਸਤਰਾਂ ਦੁਆਰਾ ਵਿਦਿਆ ਪੜ੍ਹਨੀ ਬੰਦ ਕੀਤੀ ਹੋਵੇ। ਉਹ ਹੀ ਉਨ੍ਹਾਂ ਦੀ ਵਿਦਿਆ ਦੇ ਮੁਕਾਬਲੇ ਵਿਚ ਵਿਦਿਆ ਦੇ ਸੋਮੇ ਹਰਿ ਤੇ ਗੋਬਿੰਦ ਨਾਲ ਅਪਣਤ ਪ੍ਰਗਟ ਸਕਦਾ ਹੈ। ਸੋ ਕਬੀਰ ਜੀ ਜੁਲਾਹੇ ਸਨ–ਹਿੰਦੂ ਜੁਲਾਹੇ। ਜਿਨ੍ਹਾਂ ਨੂੰ ਪੰਡਤ ਸੂਦਰ ਕਹਿੰਦੇ ਸਨ ਤੇ ਕਬੀਰ ਜੀ ਅਗੋਂ ਖਰੀ ਪੇਸ਼ ਕਰਦੇ ਸਨ –

ਗਉੜੀ ਕਬੀਰ ਜੀ

ਗਰਭ ਵਾਸ ਮਹਿ ਕੁਲ ਨਹੀਂ ਜਾਤੀ
ਬ੍ਰਹਮ ਬਿੰਦ ਤੇ ਸਭ ਉਤਪਾਤੀ ।੧।
ਕਹੁ ਰੇ ਪੰਡਿਤ ਬਾਮਨ ਕਬ ਕੇ ਹੂਏ
ਬਾਮਨ ਕਹਿ ਕਹਿ ਜਨਮ ਮਤ ਖੋਇ ।੧।
ਜੌ ਤੂੰ ਬ੍ਰਹਮਣ ਬ੍ਰਹਮਣੀ ਜਾਇਆ।
ਤਉ ਆਨ ਬਾਟ ਕਾਹੇ ਨਹੀ ਆਇਆ ।੨।
ਤੁਮ ਕਤ ਬ੍ਰਹਮਣ ਹਮ ਕਤ ਸੂਦ
ਹਮ ਕਤ ਲੋਹੂ ਤੁਮ ਕਤ ਦੂਧ ।੩।
ਕਹੁ ਕਬੀਰ ਜੋ ਬ੍ਰਹਮ ਬਿਚਾਰੇ
ਸੋ ਬ੍ਰਹਮਣ ਕਹੀਅਤ ਹੈ ਹਮਾਰੇ ।੪।

ਮੁਸਲਮਾਨ ਤਾਂ 'ਬ੍ਰਹਮ ਬਿੰਦ ਤੇ ਸਭ ਉਤਪਾਤੀ' ਦੀ ਥੀਉਰੀ ਨਹੀਂ ਮੰਨਦੇ। ਨਾਲੇ ਜੇ ਕਬੀਰ ਸਾਹਿਬ ਮੁਸਲਮਾਨ ਹੁੰਦੇ ਤਾਂ 'ਕੁਲ ਨਹੀਂ ਜਾਤੀ' ਦੀ ਥਾਂ 'ਮਜ਼ਹਬ ਨ ਧਰਮ' ਅਖਰਾਂ ਦੀ ਵਰਤੋਂ ਕਰਦੇ (ਕਿਉਂਕਿ ਇਸਲਾਮ ਤਾਂ ਜ਼ਾਤ ਪਾਤ ਜਾਂ ਕੁਲਾਂ ਦੀ ਬੰਦਸ਼ ਨੂੰ ਮੰਨਦਾ ਹੀ ਨਹੀਂ) ਪਰ ਉਨ੍ਹਾਂ ਅਜਿਹਾ ਕੀਤਾ ਨਹੀਂ। ਇਸ ਲਈ, ਸੂਦਰ ਦੇ ਪਖ ਤੋਂ ਉਚਾਰ ਕੇ ਕਬੀਰ ਜੀ ਨੇ ਅਪਨੇ ਆਪ ਨੂੰ ਹਿੰਦੂ ਜੁਲਾਹਾ ਹੀ ਜਣਾਇਆ ਹੈ।

ਇਸੇ ਤਰਾਂ–

ਤੁਮ ਕਤ ਬ੍ਰਹਮਣ ਹਮ ਕਤ ਸੂਦ ॥

ਵੀ ਉਹ ਸੂਦਰ ਹੀ ਕਹਿ ਸਕਦਾ ਹੈ ਜੇਹੜਾ ਪੂਰਾ ਗਿਆਨਵਾਨ ਹੋ ਚੁਕਾ ਹੋਵੇ ਤੇ ਬ੍ਰਹਮਣ ਅਜੇ ਵੀ



www.AKJ.Org

ਉਸ ਨੂੰ ਸ਼ੂਦਰ ਕਹਿ ਕੇ ਪੁਕਾਰਦੇ ਹੋਣ । ਉਹ ਵੀ ਪੂਰੇ ਗਿਆਨ ਵਾਲੀ ਗਲ:—

ਗਰਭ ਵਾਸ ਮਹਿ ਕੁਲ ਨਹੀ ਜਾਤੀ
ਬ੍ਰਹਮ ਬਿੰਦ ਤੇ ਸਭ ਉਤਪਾਤੀ ।। ੧ ।।

ਸਮਝਾਕੇ ਪੁਛ ਸਕਦਾ ਹੈ:—

ਤੁਮ ਕਤ ਬ੍ਰਹਮਣ ਹਮ ਕਤ ਸੂਦ ।।

ਸੋ ਇਹ ਸ਼ੂਦਰ ਮੁਸਲਮਾਨ ਤਾਂ ਹੁੰਦੇ ਹੀ ਨਹੀਂ ਇਹ ਤਾਂ ਹਿੰਦੂ ਜੁਲਾਹਾ ਹੀ ਸਨ ।

ਇਸ ਸ਼ਬਦ ਦੀ ਅੰਤਲੀ ਤੁਕ ਵੀ ਕੁਝ ਖਾਸ ਭੇਦ ਖੋਲਦੀ ਹੈ:—

ਕਹੁ ਕਬੀਰ ਜੋ ਬ੍ਰਹਮ ਬੀਚਾਰੈ
ਸੋ ਬ੍ਰਹਮਣ ਕਹੀਅਤ ਹੈ ਹਮਾਰੈ ।।

ਹਰ ਗੈਰ ਮੁਸਲਮਾਨ ਨੂੰ ਕਾਫਰ ਸਮਝਣ ਤੇ ਕਹਿਣ ਵਾਲਾ ਇਸਲਾਮ ਤਾਂ, ਬ੍ਰਹਮ ਨੂੰ ਮੰਨਦਾ ਹੀ ਨਹੀਂ ਸੋ ਬ੍ਰਹਮ ਬੀਚਾਰਨ ਵਾਲਾ ਹਿੰਦੂ ਧਰਮ ਦਾ ਹੀ ਕੋਈ ਕਹਿ ਸਕਦਾ ਹੈ:—

ਸੋ ਬ੍ਰਹਮਣ ਕਹੀਅਤ ਹੈ ਹਮਾਰੇ ।।

ਇਸ ਲਈ ਕਬੀਰ ਸਾਹਿਬ ਹਿੰਦੂ ਜੁਲਾਹੇ ਸਨ । ਕਬੀਰ ਸਾਹਿਬ ਨੂੰ ਮੁਸਲਮਾਨ ਸਿਧ ਕਰਨ ਵਾਸਤੇ ਸਾਡੇ ਲਿਖਾਰੀ ਵੀਰ ਇਸ ਤਰ੍ਹਾਂ ਲਿਖਦੇ ਹਨ—

ਕਬੀਰ ਭਗਤ ਨੇ ਅਪਨੀ ਜਾਤ ਜੁਲਾਹਾ (ਮੁਸਲਮਾਨ) ਦਸੀ ਹੈ । ਇਸ ਦੀ ਪ੍ਰੋੜਤਾ ਲਈ ਸ੍ਰੀ ਕਬੀਰ ਜੀ ਦੁਆਰਾ ਉਚਾਰਨ ਕੀਤੇ ਸ਼ਬਦਾਂ ਦੀਆਂ ਕੁਝ ਝਲਕਾਂ ਤੁਕ ਮਾਤਰ ਅਗੇ ਦਿਤੀਆਂ ਜਾਂਦੀਆਂ ਹਨ—

੧. ਓਛੀ ਮਤਿ ਮੇਰੀ ਜਾਤ ਜੁਲਾਹਾ
ਹਰਿ ਕਾ ਨਾਮ ਲਹਿਉ ਮੈ ਲਾਹਾ ।।

੨. ਜਾਤਿ ਜੁਲਾਹਾ ਮਤਿ ਕਾ ਧੀਰ
ਸਹਿਜ ਸਹਿਜ ਗੁਣ ਰਮੈ ਕਬੀਰੁ ।।

੩. ਕਬੀਰ ਜਾਤ ਜੁਲਾਹਾ ਕਿਆ ਕਰੈ
ਹਿਰਦੇ ਬਸੇ ਗੁਪਾਲ ।।

ਕਬੀਰ ਰਮਈਆ ਕੰਠ ਮਿਲ
ਚੂਕਹਿ ਸਰਬ ਜੰਜਾਲ ।।

ਭਲਾ ਕੋਈ ਪੁਛੇ ਕਿ ਲੇਖਕ ਜੀ ! ਜੇ ਤੁਸਾਂ ਇਹਨਾਂ ਮਿਸਾਲਾਂ ਦੀਆਂ ਪਹਿਲੀਆਂ ਤੁਕਾਂ ਵਿਚ ਅਖਰ ਜੁਲਾਹਾ ਦੇ ਅਰਥ ਮੁਸਲਮਾਨ ਕਢ ਲਏ ਹਨ ਤਾਂ ਭਲਾ ਇਹ ਤਾਂ ਦਸੋ ਕਿ :—

ਹਰ ਕਾ ਨਾਮ ਲਹਿਓ ਮੈ ਲਾਹਾ ।।
ਸਹਿਜ ਸਹਿਜ ਗੁਣ ਰਮੈ ਕਬੀਰ ।।
ਕਬੀਰ ਰਮਈਆ ਕੰਠ ਮਿਲ
ਚੂਕਹਿ ਸਰਬ ਜੰਜਾਲ ।।

ਜੈਸੀਆਂ ਤੁਕਾਂ ਦੇ ਅਰਥ ਕਿਥੇ ਲੁਕਾਓ ਗੇ । ਕਦੀ ਮੁਸਲਮਾਨ ਤਾਂ ਉਪਰੋਕਤ ਤੁਕਾਂ ਨੂੰ ਆਪਣੀ ਅਵਸਥਾ ਬਿਆਨ ਕਰਨ ਲਈ ਨਹੀਂ ਵਰਤਦੇ ਕਦੀ ਕੋਈ ਮੁਸਲਮਾਨ ਅੱਲਾ ਦੀ ਥਾਂ ਗੋਪਾਲ' ਨਹੀਂ ਕਹਿੰਦਾ ਜਾਂ ਹਰਿ ਨਹੀਂ ਕਹਿੰਦਾ ਜਾਂ 'ਰਮਈਆ' ਨਹੀਂ ਕਹਿੰਦਾ । ਅਜਿਹੇ ਸ਼ਬਦ ਤਾਂ ਹਿੰਦੂ ਧਰਮ ਵਿਚ ਵਰਤੇ ਜਾਂਦੇ ਹਨ । ਜੇਹੜੇ ਮੁਸਲਮਾਨ, ਗਊ ਨੂੰ ਮਾਰ ਖਾਂਦੇ ਹੋਣ ਉਹ ਅੱਲਾ ਨੂੰ ਗਊ ਪਾਲ (ਗੋਪਾਲ) ਕਹਿ ਕਿਵੇਂ ਸਕਦੇ ਨੇ । ਇਸ ਲਈ ਕਬੀਰ ਜੀ ਮੁਸਲਮਾਨ ਨਹੀਂ ਸਨ । ਹਿੰਦੂ ਜੁਲਾਹੇ ਸਨ ।

(ਚਲਦਾ)

ਜ਼ਰੂਰੀ ਨੋਟ:—'ਸੂਰਾ' ਦੇ ਪਾਠਕਾਂ ਪ੍ਰਤੀ ਬੇਨਤੀ ਕੀਤੀ ਜਾਂਦੀ ਹੈ ਕਿ ਡਾਕਖਾਨੇ ਵਲੋਂ ਅੱਧ ਮਾਸਕ ਪੱਤਰ ਦੀ ਲੇਟ ਮਨਜ਼ੂਰੀ ਮਿਲਣ ਕਾਰਨ ਪਾਠਕਾਂ ਪਾਸ 'ਸੂਰਾ' ਕੁਝ ਦਿਨ ਪਛੜਕੇ ਪੁਜੇਗਾ । ਪਾਠਕ ਜਨ ਖਿਮਾਂ ਕਰਨ ।

ਦਾਸ—ਮੈਨੇਜਰ 'ਸੂਰਾ'



www.AKJ.Org

ਜੇ ਤੁਸੀਂ

* ਆਪਣੇ ਪਰਵਾਰ ਨੂੰ
* ਨੌਜਵਾਨ ਬੱਚੇ ਬੱਚੀਆਂ ਨੂੰ
* ਅੱਜ ਦੀ ਸਾਇੰਸੀ ਦੁਨੀਆਂ ਵਿਚ
* ਗੁਰਮਤਿ ਦਾ ਸਹੀ ਚਾਨਣ

ਦੇਣਾ ਚਾਹੁੰਦੇ ਹੋ, ਤਾਂ—

ਅੱਧ ਮਾਸਕ ਪੱਤਰ

# ਸੂਰਾ

ਤੁਹਾਡੇ ਘਰ ਪੁਜਣਾ ਜ਼ਰੂਰੀ ਹੈ।

**ਜਿਸ ਦਾ ਸਾਲਾਨਾ ਚੰਦਾ**

ਦੇਸ–12 ਰੁਪਏ ਪ੍ਰਦੇਸ–ਸਮੁੰਦਰੀ ਡਾਕ 20 ਰੁਪਏ ਪ੍ਰਦੇਸ–ਹਵਾਈ ਡਾਕ 60 ਰੁਪਏ

ਲਾਈਫ਼ ਮੈਂਬਰ–250 ਰੁਪਏ ਪ੍ਰਤੀ ਕਾਪੀ 70 ਪੈਸੇ

**ਅਜ ਹੀ ਪੱਕੇ ਗਾਹਕ ਬਣੋ!**

ਮਿਲਣ ਦਾ ਪਤਾ—

ਮੈਨੇਜਰ–'ਸੂਰਾ' ਰਾਘੋਮਾਜਰਾ, ਪਟਿਆਲਾ।

www.AKJ.org

www.AKJ.Org